S | T & | A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



Adam Ueland
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

We have offices in Vancouver, Surrey/Delta, Abbotsford* and Burnaby.*
*By appointment only

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St
(Little India Plaza)
Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 10 ISSUE : 17 SATURDAY, 23 APRIL, 2022
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖ਼ਬਰਾਂ ਕੁੱਝ ਗੀਤ
12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

# ਲਾਲ ਕਿਲ੍ਹੇ ਤੇ ਗੁਰੂ ਤੇਗ ਬਹਾਦਰ ਜੀ ਦਾ 400 ਸਾਲਾ ਪ੍ਰਕਾਸ਼ ਪੁਰਬ ਮਨਾਇਆ



## ਭਾਰਤ ਸਿੱਖ ਗੁਰੂਆਂ ਦੇ ਆਦਰਸ਼ਾਂ ਦੀ ਪਾਲਣਾ ਕਰ ਰਿਹਾ ਹੈ-ਮੋਦੀ

ਨਵੀਂ ਦਿੱਲੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਭਾਰਤ ਕਦੇ ਵੀ ਕਿਸੇ ਮੁਲਕ ਜਾਂ ਸਮਾਜ ਲਈ ਖ਼ਤਰਾ ਨਹੀਂ ਬਣਿਆ ਤੇ ਇਹ ਅਜੋਕੇ ਦੌਰ ਦੀਆਂ ਆਲਮੀ ਚੁਣੌਤੀਆਂ ਭਰੇ ਮਾਹੌਲ 'ਚ ਵੀ ਸਮੁੱਚੇ ਵਿਸ਼ਵ ਦੀ ਭਲਾਈ ਬਾਰੇ ਸੋਚਦਾ ਹੈ। ਉਨ੍ਹਾਂ ਮੰਨਿਆ ਕਿ ਭਾਰਤ, ਸਿੱਖ ਗੁਰੂਆਂ ਦੇ ਆਦਰਸ਼ਾਂ ਦੀ ਪਾਲਣਾ ਕਰ ਰਿਹਾ ਹੈ। ਇੱਥੇ ਲਾਲ ਕਿਲ੍ਹੇ 'ਚ ਗੁਰੂ ਤੇਗ ਬਹਾਦਰ ਦੇ 400ਵੇਂ ਪ੍ਰਕਾਸ਼ ਪੁਰਬ ਮੌਕੇ ਕਰਵਾਏ ਸਮਾਗਮ ਦੌਰਾਨ ਸ੍ਰੀ ਮੋਦੀ ਨੇ ਕਿਹਾ ਕਿ ਲਾਲ ਕਿਲ੍ਹੇ ਨੇੜੇ ਸਥਿਤ ਗੁਰਦੁਆਰਾ ਸੀਸ ਗੰਜ ਸਾਹਿਬ ਗੁਰੂ ਤੇਗ ਬਹਾਦਰ ਦੀ ਅਦੁੱਤੀ ਕੁਰਬਾਨੀ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਉਸ ਸਮੇਂ ਮੁਲਕ ਵਿੱਚ ਧਾਰਮਿਕ ਕੱਟੜਤਾ ਦੀ ਹਨੇਰੀ ਝੁੱਲ ਰਹੀ ਸੀ। ਉਸ ਸਮੇਂ ਭਾਰਤ ਲਈ ਆਪਣੀ ਪਛਾਣ ਦੀ ਰਾਖੀ ਕਰਨ ਦੀ ਸਭ ਤੋਂ ਵੱਡੀ ਉਮੀਦ ਗੁਰੂ ਤੇਗ ਬਹਾਦਰ ਬਣੇ। ਪ੍ਰਧਾਨ ਮੰਤਰੀ ਨੇ ਕਿਹਾ,'ਔਰੰਗਜ਼ੇਬ ਦੇ ਜ਼ੁਲਮਾਂ ਸਾਹਮਣੇ ਗੁਰੂ ਤੇਗ ਬਹਾਦਰ ਜੀ 'ਹਿੰਦ ਦੀ ਚਾਦਰ' ਬਣ ਕੇ ਇੱਕ ਚੱਟਾਨ ਵਾਂਗ ਖੜ੍ਹ ਗਏ। ਉਨ੍ਹਾਂ ਕਿਹਾ ਕਿ ਲਾਲ ਕਿਲ੍ਹਾ ਇਸ ਗੱਲ ਦਾ ਗਵਾਹ ਹੈ ਕਿ ਔਰੰਗਜ਼ੇਬ ਤੇ ਉਸ ਜਿਹੇ ਕਈ ਜ਼ੁਲਮੀ ਸ਼ਾਸਕਾਂ ਨੇ ਕਈ ਲੋਕਾਂ ਦੇ ਸਿਰ ਕਲਮ ਕੀਤੇ ਹੋਣਗੇ, ਪਰ ਸਾਡੀ ਆਸਥਾ ਸਾਡੇ ਨਾਲੋਂ ਵੱਖ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਗੁਰੂ ਤੇਗ ਬਹਾਦਰ ਦੀ ਕੁਰਬਾਨੀ ਨੇ ਭਾਰਤ ਦੀਆਂ ਨਵੀਆਂ ਪੀੜ੍ਹੀਆਂ ਨੂੰ ਆਪਣੇ ਸੱਭਿਆਚਾਰ, ਆਪਣੇ



ਸਵੈਮਾਣ ਤੇ ਇੱਜ਼ਤ ਦੀ ਰਾਖੀ ਲਈ ਜਿਊਣ ਤੇ ਮਰ ਮਿਟਣ ਦੀ ਪ੍ਰੇਰਨਾ ਦਿੱਤੀ ਹੈ।

*(ਬਾਕੀ ਸਫ਼ਾ 8 ਤੇ)*

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAid
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre
80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ ਗੁਰਦਵਾਰਾ ਨਾਨਕ ਨਿਵਾਸ ਵੱਲੋਂ ਮਨਾਇਆ ਗਿਆ ਖਾਲਸਾ ਸਾਜਨਾ ਦਿਵਸ

ਸਰੀ (ਹਰਦਮ ਮਾਨ)-ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ ਗੁਰਦਵਾਰਾ ਨਾਨਕ ਨਿਵਾਸ, 8600 ਨੰਬਰ ਪੰਜ ਰੋਡ ਰਿਚਮੰਡ ਵਿਖੇ ਸੰਗਤਾਂ ਵੱਲੋਂ ਵਿਸਾਖੀ ਦਾ ਤਿਓਹਾਰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਦੀਵਾਨ ਸਜਾਏ ਗਏ ਅਤੇ ਸੰਗਤਾਂ ਨੇ ਕੀਰਤਨ ਦਾ ਰਸ ਮਾਣਿਆਂ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਮੌਕੇ ਵੈਨਕੂਵਰ ਪੁਲੀਸ ਦੇ ਡਿਪਟੀ ਚੀਫ ਸਟੀਵ ਰਾਏ ਅਤੇ ਉਹਨਾਂ ਦੇ ਕੁਝ ਸਾਥੀ ਅਫਸਰਾਂ ਦਾ ਸਨਮਾਨ ਕੀਤਾ ਗਿਆ। ਇਹ ਸਨਮਾਨ ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ ਗੁਰਦਵਾਰਾ ਨਾਨਕ ਨਿਵਾਸ ਦੇ ਚੇਅਰਪਰਸਨ ਬੀਬੀ ਕਸ਼ਮੀਰ ਕੌਰ ਜੌਹਲ ਨੇ ਆਪਣੇ ਕਰ ਕਮਨਾਂ ਨਾਲ ਕੀਤਾ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਬਲਵੰਤ ਸਿੰਘ ਸੰਘੇੜਾ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਇਹ ਪੁਲੀਸ ਅਧਿਕਾਰੀ ਆਪਣੀ ਜਾਨ ਖਤਰੇ ਵਿਚ ਪਾ ਕੇ ਪਬਲਿਕ ਦੀ ਰੱਖਿਆ ਕਰਦੇ ਹਨ। ਇਸ ਲਈ ਸਾਡਾ ਫਰਜ ਬਣਦਾ ਹੈ ਕਿ ਅਸੀਂ ਇਹਨਾਂ ਦਾ ਸਨਮਾਨ ਕਰੀਏ ਅਤੇ ਇਹਨਾਂ ਦੀ ਹੌਸਲਾ ਅਫਜ਼ਾਈ ਕਰੀਏ। ਉਪਰੰਤ ਉੱਘੇ ਵਿਦਵਾਨ ਡਾਕਟਰ ਕਮਲ ਨੀਲ ਨੇ ਵਿਸਾਖੀ ਅਤੇ ਖਾਲਸੇ ਦੇ ਸਾਜਨਾ ਦਿਵਸ ਸਬੰਧੀ ਇਤਿਹਾਸਕ ਜਾਣਕਾਰੀ ਦਿੱਤੀ। ਸ. ਸੰਘੇੜਾ ਨੇ ਇਹ ਵੀ ਦੱਸਿਆ ਕਿ ਗੁਰਦਵਾਰਾ ਨਾਨਕ ਨਿਵਾਸ ਦੀ ਪ੍ਰਬੰਧਕ ਕਮੇਟੀ ਵੱਲੋਂ ਯੂਕਰੇਨ ਦੇ ਪੜਿਤਾਂ ਦੀ ਸਹਾਇਤਾ ਕਰਨ ਲਈ ਉਪਰਾਲੇ ਕੀਤੇ ਰਹੇ ਹਨ। ਯੂਕਰੇਨ ਦੀ ਤਬਾਹੀ ਕਾਰਨ ਬੇਘਰ ਹੋਏ ਲੱਖਾਂ ਲੋਕਾਂ ਦੀ ਮਦਦ ਲਈ ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ ਗੁਰਦਵਾਰਾ ਨਾਨਕ ਨਿਵਾਸ ਵਿਖੇ ਯੂਕਰੇਨ ਰਲੀਫ ਫੰਡ ਲਈ ਮਾਇਆ ਇਕੱਤਰ ਕੀਤੀ ਜਾ ਰਹੀ ਹੈ। ਸੰਗਤਾਂ ਵੱਲੋਂ ਬਹੁਤ ਭਰਵਾਂ ਹੁੰਗਾਰਾ ਮਿਲ ਰਿਹਾ ਹੈ।






# ਬੀਸੀ ਦੇ ਮਾਪਿਆਂ ਨੂੰ ਬੱਚਿਆਂ ਨੂੰ ਸਕੂਲਾਂ ਵਿਚ ਪੰਜਾਬੀ ਪੜਾਉਣ ਦੀ ਅਪੀਲ

ਸਰੀ (ਪ੍ਰੋ: ਕੁਲਦੀਪ ਪੇਲੀਆ)-ਬ੍ਰਿਟਿਸ਼ ਕੋਲੰਬੀਆ ਦੇ ਮਾਪਿਓ, ਆਪਣੇ ਬੱਚਿਆਂ ਨੂੰ ਪੰਜਾਬੀ ਪੜ੍ਹਾਓ। ਜੇ ਤੁਹਾਡਾ ਬੱਚਾ ਚੋਥੀ ਜਮਾਤ ਵਿੱਚ ਹੈ ਤਾਂ ਉਸਨੂੰ ਸਤੰਬਰ 2022 ਵਿੱਚ ਪੰਜਵੀਂ ਵਿੱਚ ਦੂਜੀ ਭਾਸ਼ਾ ਦੇ ਤੌਰ ਤੇ ਪੰਜਾਬੀ ਵਿੱਚ ਦਾਖਲ ਕਰਾਓ। ਇਸੇ ਤਰ੍ਹਾਂ ਜੇ ਤੁਹਾਡਾ ਬੱਚਾ ਅੱਠਵੀਂ ਜਮਾਤ ਵਿੱਚ ਹੈ ਤਾਂ ਉਸਨੂੰ ਸਤੰਬਰ 2022 ਵਿੱਚ ਨੌਂਵੀ ਵਿੱਚ ਇੱਕ ਵਿਸ਼ੇ ਦੇ ਤੌਰ ਤੇ ਪੰਜਾਬੀ ਵਿੱਚ ਦਾਖਲ ਕਰਾਓ। ਬੀਸੀ ਦੇ ਸਰਕਾਰੀ ਸਕੂਲਾਂ ਵਿੱਚ ਬੱਚੇ, 8 ਸਾਲਾਂ ਲਈ ਪੰਜਾਬੀ ਪੜ੍ਹ ਸਕਦੇ ਹਨ। ਸਕੂਲਾਂ ਵਿੱਚ ਦੂਜੀ ਭਾਸ਼ਾ ਸਿਖਾਉਣ ਦਾ ਉਦੇਸ਼ ਬੱਚਿਆਂ ਨੂੰ ਦੋਭਾਸ਼ੀਏ ਬਣਾਉਣਾ ਹੈ ਕਿਉਂਕਿ ਦੋਭਾਸ਼ੀਆਵਾਦ ਉਨ੍ਹਾਂ ਦੇ ਦਿਮਾਗ ਦਾ ਵਿਕਾਸ ਕਰਦਾ ਹੈ, ਅਤੇ ਉਨ੍ਹਾਂ ਨੂੰ ਹੋਰ ਰਚਨਾਤਮਕ ਬਣਾਉਂਦਾ ਹੈ। ਬ੍ਰਿਟਿਸ਼ ਕੋਲੰਬੀਆ ਵਿੱਚ 4 ਸਾਲ (ਪੰਜਵੀਂ ਤੋਂ ਅੱਠਵੀਂ ਤੱਕ) ਦੂਜੀ ਭਾਸ਼ਾ ਪੜ੍ਹਾਈ ਜਾਂਦੀ ਹੈ, ਜੋ ਕਿ ਲਾਜ਼ਮੀ ਹੈ। ਬੱਚੇ ਇਹਨਾਂ ਵਿੱਚੋਂ ਇੱਕ ਭਾਸ਼ਾ ਚੁਣ ਸਕਦੇ ਹਨ: ਪੰਜਾਬੀ, ਫਰਾਂਸੀਸੀ, ਮੈਂਡਰਿਨ, ਜਪਾਨੀ, ਸਪੈਨਿਸ਼ ਅਤੇ ਜਰਮਨ। ਕਨੇਡਾ ਦੀ ਜਨਗਣਨਾ 2016 ਦੇ ਅਨੁਸਾਰ, ਅੰਗਰੇਜ਼ੀ ਤੋਂ ਬਾਅਦ, ਪੰਜਾਬੀ, ਬੀ ਸੀ ਵਿੱਚ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ। ਇਸ ਦੇ ਲਈ ਬੱਚਿਆਂ ਨੂੰ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਚੁਣਨਾ ਚਾਹੀਦਾ ਹੈ। ਨੌਵੀਂ ਤੋਂ ਬਾਰ੍ਹਵੀਂ ਤੱਕ ਦੇ ਬੱਚੇ ਪੰਜਾਬੀ ਇੱਕ ਵਿਸ਼ੇ ਵਜੋਂ ਪੜ੍ਹ ਸਕਦੇ ਹਨ। ਕਨੇਡਾ ਦੀ ਜਨਗਣਨਾ 2016 ਦੇ ਅਨੁਸਾਰ, ਬ੍ਰਿਟਿਸ਼ ਕੋਲੰਬੀਆ ਵਿੱਚ 198,805 ਲੋਕ ਪੰਜਾਬੀ ਬੋਲਦੇ ਹਨ। ਨੌਕਰੀਆਂ ਵਿੱਚ ਪੰਜਾਬੀ-ਅੰਗਰੇਜ਼ੀ ਦੋਭਾਸ਼ੀਆਂ ਦੀ ਵੱਡੀ ਮੰਗ ਹੈ। ਬੀਸੀ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਲਈ ਹਮੇਸ਼ਾਂ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਪਹਿਲ ਦੇਣੀ ਚਾਹੀਦੀ ਹੈ ਕਿਉਂਕਿ ਬੀਸੀ ਸਕੂਲਾਂ ਵਿੱਚ 8 ਸਾਲ ਤੱਕ ਪੰਜਾਬੀ ਪੜ੍ਹ ਕੇ ਬੱਚੇ ਪੰਜਾਬੀ-ਅੰਗਰੇਜ਼ੀ ਦੋਭਾਸ਼ੀਏ ਬਣ ਸਕਦੇ ਹਨ। ਸਕੂਲ ਵਿੱਚ 4 ਸਾਲ ਫਰਾਂਸੀਸੀ ਪੜ੍ਹਕੇ ਬੱਚੇ ਅੰਗਰੇਜ਼ੀ-ਫਰਾਂਸੀਸੀ ਦੋਭਾਸ਼ੀਏ ਨਹੀਂ ਬਣਦੇ।ਸਿਰਫ਼ 4 ਸਾਲਾਂ ਲਈ ਫਰਾਂਸੀਸੀ ਸਿੱਖਣਾ ਸਮੇਂ ਦੀ ਬਰਬਾਦੀ ਹੈ। ਦੂਜੀ ਭਾਸ਼ਾ ਸਿੱਖਣ ਦਾ ਮਕਸਦ ਤੁਹਾਡੇ ਬੱਚਿਆਂ ਨੂੰ ਦੋਭਾਸ਼ੀਏ ਬਣਾਉਣਾ ਹੈ, ਤਾਂ ਜੋ ਉਨ੍ਹਾਂ ਦੇ ਦਿਮਾਗ਼ ਦਾ ਵਿਕਾਸ ਹੋ ਸਕੇ। ਬ੍ਰਿਟਿਸ਼ ਕੋਲੰਬੀਆ ਵਿੱਚ ਬੱਚਿਆਂ ਲਈ ਫਰਾਂਸੀਸੀ ਦੀ ਬਜਾਏ 8 ਸਾਲ ਤੱਕ ਪੰਜਾਬੀ ਪੜ੍ਹਨ ਨਾਲ ਨੌਕਰੀ ਹਾਸਿਲ ਕਰਨ ਦੇ ਮੌਕੇ ਵਧਣਗੇ।ਇਸ ਨਾਲ ਤੁਹਾਡੇ ਬੱਚੇ ਆਪਣੀ ਬੋਲੀ, ਸੱਭਿਅਤਾ, ਤੇ ਧਰਮ ਨਾਲ ਵੀ ਜੁੜੇ ਰਹਿਣਗੇ।








# ਕੈਨੇਡਾ ਦੀ ਤੇਜ਼ ਰੀਅਲ ਇਸਟੇਟ ਮਾਰਕੀਟ ਵਿਚ ਮੰਦੀ



ਓਟਵਾ-ਕੈਨੇਡਾ ਦੀ ਰੀਅਲ ਇਸਟੇਟ ਮਾਰਕੀਟ ਵਿਚ ਮਾਰਚ ਮਹੀਨੇ ਮਹੱਤਵਪੂਰਣ ਮੰਦੀ ਦੇਖੀ ਗਈ ਕਿਉਂਕਿ ਘਰਾਂ ਦੀ ਵਿਕਰੀ ਘਟਣ ਨਾਲ ਕੌਮੀ ਪੱਧਰ 'ਤੇ ਘਰ ਦੀ ਔਸਤ ਕੀਮਤ ਘਟ ਕੇ 796000 ਡਾਲਰ ਰਹਿ ਗਈ ਹੈ। ਔਸਤ ਕੀਮਤ ਅਜੇ ਸਾਲ ਦਰ ਸਾਲ 11 ਫ਼ੀਸਦੀ ਤੋਂ ਵੀ ਜ਼ਿਆਦਾ ਹੈ, ਕੈਨੇਡੀਅਨ ਰੀਅਲ ਇਸਟੇਟ ਐਸੋਸੀਏਸ਼ਨ ਦੇ ਡਾਟਾ ਮੁਤਾਬਿਕ ਇਸ ਦੀ ਫਰਵਰੀ ਦੀ ਰੀਡਿੰਗ 816720 ਡਾਲਰ ਤੋਂ ਦੋ ਫ਼ੀਸਦੀ ਦੀ ਗਿਰਾਵਟ ਦਰਜ ਕੀਤੀ ਗਈ। ਮਾਰਚ ਵਿਚ ਘਰਾਂ ਦੀ ਕੌਮੀ ਪੱਧਰ 'ਤੇ ਵਿਕਰੀ ਵੀ ਘਟੀ ਹੈ ਅਤੇ ਫਰਵਰੀ ਵਿਚ ਥੋੜੀ ਦੇਰ ਦੀ ਤੇਜ਼ੀ ਪਿੱਛੋਂ ਪੰਜ ਫ਼ੀਸਦੀ ਘਟੀ ਹੈ। ਇਹ ਗਿਰਾਵਟ ਗਰੇਟਰ ਟੋਰਾਂਟੋ ਏਰੀਆ ਤੇ ਕੈਲਗਰੀ ਵਰਗੀਆਂ ਮਾਰਕੀਟਾਂ ਵਿਚ ਗਿਰਾਵਟ ਪਿੱਛੋਂ ਦੇਖੀ ਗਈ। ਨਵੀਆਂ ਸੂਚੀਬੱਧ ਪ੍ਰਾਪਰਟੀਜ਼ ਵੀ ਪਹਿਲੇ ਮਹੀਨੇ ਨਾਲੋਂ ਲਗਪਗ 5.5 ਫ਼ੀਸਦੀ ਘਟੀਆਂ ਹਨ। ਕੁਝ ਮਾਰਕੀਟ ਵਿਚ ਮੰਦੀ ਦੇ ਸੰਕੇਤਾਂ ਦੇ ਬਾਵਜੂਦ ਰਾਇਲ ਲੀਪੇਜ ਸਪਲਾਈ ਨਾਲੋਂ ਖਰੀਦਦਾਰੀ ਦੀ ਮੰਗ ਵਧਣ ਕਾਰਨ 2022 ਵਿਚ ਘਰ ਦੀਆਂ ਕੀਮਤਾਂ 15 ਫ਼ੀਸਦੀ ਵਧਣ ਦੀ ਆਸ ਕਰ ਰਹੀ ਹੈ।

## ਕਾਰੋਬਾਰੀ ਡੇਵਿਡ ਸਿੱਧੂ ਨਿਊਯਾਰਕ ਵਿਚ ਵੱਡੇ ਸਟਾਕ ਘੁਟਾਲੇ ਮਾਮਲੇ ਵਿਚ ਨਾਮਜ਼ਦ

ਵੈਨਕੂਵਰ-ਅਮਰੀਕੀ ਸਕਿਉਰਟੀਜ਼ ਐਂਡ ਐਕਸਚੇਂਜ਼ ਕਮਿਸ਼ਨ ਨੇ ਨਿਊਯਾਰਕ ਦੀ ਫੈਡਰਲ ਅਦਾਲਤ ਵਿਚ ਦਾਇਰ



ਲੰਬਾ ਸਮਾਂ ਚਲੇ ਪੰਪ ਐਂਡ ਡੰਪ ਸਕਿਉਰਟੀਜ਼ ਘੁਟਾਲੇ ਵਿਚ ਵੈਨਕੂਵਰ ਦੇ ਕਾਰੋਬਾਰੀ ਡੇਵਿਡ ਸਿੱਧੂ ਨੂੰ ਨਾਮਜ਼ਦ ਕੀਤਾ ਹੈ। ਸਕਿਉਰਟੀਜ਼ ਘੁਟਾਲੇ ਦਾ ਪੰਪ ਐਂਡ ਡੰਪ ਉਹ ਰੂਪ ਹੁੰਦਾ ਹੈ ਜਿਸ ਵਿਚ ਸ਼ਾਮਿਲ ਵਿਅਕਤੀ ਸਸਤੇ ਸ਼ੇਅਰਾਂ ਨੂੰ ਖਰੀਦਣ ਪਿਛੋਂ ਮੋਟੀ ਕੀਮਤ 'ਤੇ ਵੇਚਣ ਲਈ ਝੂਠੇ ਤੇ ਗੁੰਮਰਾਹਕੁਨ ਬਿਆਨਾਂ ਨਾਲ ਆਪਣੇ ਸਟਾਕ ਦੀ ਕੀਮਤ ਬਣਾਉਟੀ ਤਰੀਕੇ ਨਾਲ ਵਧਾ ਦਿੰਦਾ ਹੈ। ਦੋ ਸਾਲ ਪਹਿਲਾਂ ਅਮਰੀਕੀ ਯੂਨੀਵਰਸਿਟੀਆਂ ਵਿਚ ਦਾਖਲਾ ਦਿਵਾਉਣ ਲਈ ਆਪਣੇ ਦੋ ਪੁੱਤਰਾਂ ਦੀ ਮਦਦ ਲਈ ਇਕ ਵਿਸ਼ਾਲ ਧੋਖਾਧੜੀ ਸਕੀਮ ਵਿਚ ਸ਼ਾਮਿਲ ਹੋਣ ਦੀ ਗੱਲ ਸਵੀਕਾਰ ਕਰਨ ਪਿੱਛੋਂ ਸਿੱਧੂ ਨੂੰ 250000 ਡਾਲਰ ਜ਼ੁਰਮਾਨਾ ਤੇ 90 ਦਿਨ ਕੈਦ ਦੀ ਸਜ਼ਾ ਸੁਣਾਈ ਗਈ ਸੀ। ਸਿਵਲ ਸ਼ਿਕਾਇਤ ਵਿਚ ਸਿੱਧੂ ਨੂੰ 7 ਹੋਰ ਵਿਅਕਤੀਆਂ ਦੇ ਨਾਲ ਨਾਮਜ਼ਦ ਕੀਤਾ ਗਿਆ ਹੈ। ਇਸ ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ 2006 ਤੋਂ 2020 ਤਕ ਜਨਤਕ ਤੌਰ 'ਤੇ ਟਰੇਡ ਕਰਦੀਆਂ 17 ਕੰਪਨੀਆਂ ਵਿਚ ਬੁਹਤ ਜ਼ਿਆਦਾ ਲਾਭਕਾਰੀ ਪੰਪ ਐਂਡ ਡੰਪਸ ਸਟਾਕ ਲੈਣ ਦੇਣ ਕੀਤਾ ਗਿਆ ਸੀ। ਉਸ 'ਤੇ ਦੋਸ਼ ਨਹੀਂ ਲਗਾਏ ਗਏ ਅਤੇ ਦੋਸ਼ ਅਦਾਲਤ ਵਿਚ ਸਾਬਤ ਨਹੀਂ ਹੋਏ।

## ਬੀ.ਸੀ. ਅੰਤਰਰਾਸ਼ਟਰੀ ਸਿੱਖਿਅਤ ਨਰਸਾਂ ਨੂੰ ਤੇਜ਼ੀ ਨਾਲ ਪ੍ਰਵਾਨਗੀ ਦੇਵੇਗਾ

ਵੈਨਕੂਵਰ-ਬ੍ਰਿਟਿਸ਼ ਕੋਲੰਬੀਆ ਵਿਚ ਨਰਸਾਂ ਭਾਰੀ ਘਾਟ ਨੂੰ ਹੱਲ ਕਰਨ ਦੀ ਕੋਸ਼ਿਸ਼ ਵਿਚ ਬੀਸੀ ਬੇਝਲ ਐਕਰਾਡੀਸ਼ਨ ਪ੍ਰਕਿਰਿਆ



ਰਾਹੀਂ ਅੰਤਰਰਾਸ਼ਟਰੀ ਪੱਧਰ ਦੀਆਂ ਸਿੱਖਿਅਤ ਨਰਸਾਂ ਨੂੰ ਤੇਜ਼ ਤਰੀਕੇ ਨਾਲ ਪ੍ਰਵਾਨਗੀ ਦੇਣ ਲਈ 12 ਮਿਲੀਅਨ ਡਾਲਰ ਖਰਚ ਕਰੇਗਾ। ਸਿਹਤ ਮੰਤਰੀ ਐਡਰੀਅਨ ਡਿਕਸ ਨੇ ਇਕ ਪ੍ਰੈਸ ਕਾਨਫਰੰਸ ਵਿਚ ਦੱਸਿਆ ਕਿ ਅੰਤਰਰਾਸ਼ਟਰੀ ਪੜ੍ਹੀਆਂ ਲਿਖੀਆਂ ਨਰਸਾਂ ਲਈ ਐਕਰਾਡੀਸ਼ਨ ਪ੍ਰਕਿਰਿਆ ਗੁੰਝਲਦਾਰ, ਮਹਿੰਗੀ ਤੇ ਲੰਬੀ ਹੈ। ਉਨ੍ਹਾਂ ਕਿਹਾ ਕਿ ਬੀਸੀ ਵਿਚ ਨਰਸਾਂ ਦੀ ਘਾਟ ਨੂੰ ਦੇਖਦੇ ਹੋਏ ਇਹ ਸਵੀਕਰਾਯੋਗ ਨਹੀਂ। ਡਿਕਸ ਨੇ ਕਿਹਾ ਕਿ ਅੰਤਰਰਾਸ਼ਟਰੀ ਨਰਸਾਂ ਜਿਹੜੀਆਂ ਬੀਸੀ ਵਿਚ ਕੰਮ ਕਰਨਾ ਚਾਹੁੰਦੀਆਂ ਹਨ ਨੂੰ ਉਨ੍ਹਾਂ ਦੇ ਨਰਸਿੰਗ ਪ੍ਰਮਾਣ ਪੱਤਰਾਂ ਦੀ ਅੰਤਰਰਾਸ਼ਟਰੀ ਸਕੂਲਾਂ ਵਲੋਂ ਕੀਤੇ ਜਾਣ ਵਾਲੇ ਮੁਲਾਂਕਣ ਦੀ ਇਕ ਸੁਚਾਰੂ ਪ੍ਰਕਿਰਿਆ ਦਾ ਸਾਹਮਣਾ ਕਰਨਾ ਪਵੇਗਾ। ਇਸ ਦਾ ਉਦੇਸ਼ ਮਹੀਨਿਆਂ ਬੱਧੀ ਲੱਗਣ ਵਾਲੇ ਸਮੇਂ ਨੂੰ ਪ੍ਰਕਿਰਿਆ ਤੋਂ ਹਟਾਉਣਾ ਹੈ ਜਿਸ ਨੂੰ ਆਮ ਤੌਰ 'ਤੇ 18 ਮਹੀਨਿਆਂ ਤੋਂ ਲੈ ਕੇ 2 ਸਾਲ ਲਗਦੇ ਹਨ। ਵਿਦੇਸ਼ਾਂ ਵਿਚ ਸਿੱਖਿਅਤ ਨਰਸਾਂ ਭਾਰੀ ਵਿੱਤੀ ਬੋਝ ਘਟਾਉਣ ਲਈ ਬਰਸਰੀਜ਼ ਵਿਚ 90 ਲੱਖ ਡਾਲਰ ਦੀ ਸਹਾਇਤਾ ਲਈ ਵੀ ਯੋਗ ਹੋਣਗੀਆਂ।



ਕੀ ਤੁਸੀਂ ਕਰਜ਼ੇ ਤੋਂ ਪ੍ਰੇਸ਼ਾਨ ਹੋ ?
ਤੁਸੀਂ ਕਰਜ਼ੇ ਤੇ ਟੈਕਸ ਤੋਂ ਬੱਚ ਸਕਦੇ ਹੋ।
WE REDUCE YOUR DEBT UP TO MAXIMUM LEVEL
WE HELP WITH ALL UNSECURED DEBT
ਕਿਸੇ ਤਰ੍ਹਾਂ ਦੀ ਵੀ ਫਾਈਨੈਸ਼ਲ ਪ੍ਰੋਬਲਮ ਹੋਵੇ
- ਕ੍ਰੈਡਿਟ ਕਾਰਡ - ਜੀ.ਐਸ.ਟੀ. - ਕੋਲੈਕਸ਼ਨ ਕਾਲਜ
- ਲਾਈਨ ਆਫ਼ ਕ੍ਰੈਡਿਟ - ਟੈਕਸ ਸਬੰਧੀ ਕੋਈ ਵੀ ਪ੍ਰੋਬਲਮ
- ਅਸੀਂ ਬੈਂਕਰਪਸੀ ਵਿੱਚ ਵੀ ਮਦਦ ਕਰਦੇ ਹਾਂ।
Any type of Financial Problems?
- Credit Cards - line of Credit
- Pay Day Loans - Retail Store Cards
- Bank Overdraft - GST/PST Debt
- CRA Debt
Any Business or Personal loans
Cut your debt up to
70% or more

Free Confidential Advice
Kulwinder Bains
Certified Credit Counseller
778 998 9402

DAY AND NIGHT LABOUR LTD.

ਗਰੀਨ ਹਾਊਸ ਵਰਕਰਾਂ ਦੀ ਲੋੜ
- ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।
ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421



# ਲੰਬੇ ਅਰਸੇ ਬਾਅਦ ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਦੀ ਭਰਵੀਂ ਮੀਟਿੰਗ ਹੋਈ

ਸਰੀ (ਹਰਦਮ ਮਾਨ)-ਦੋ ਸਾਲ ਦੇ ਕੋਰੋਨਾ ਕਾਲ ਤੋਂ ਬਾਅਦ ਪਹਿਲੀ ਵਾਰ ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਦੀ ਮਾਸਿਕ ਮੀਟਿੰਗ ਵਿਚ ਵੱਡੀ ਗਿਣਤੀ ਵਿਚ ਲੋਅਰਮੇਨ ਲੈਂਡ ਦੇ ਲੇਖਕ ਇਕ ਦੂਜੇ ਦੇ ਰੂਬਰੂ ਹੋਣ ਦਾ ਸਬੱਬ ਮਿਲਿਆ। ਸਰੀ ਦੇ ਸੀਨੀਅਰ ਸਿਟੀਜ਼ਨ ਸੈਂਟਰ ਵਿਚ ਹੋਈ ਇਸ ਮੀਟਿੰਗ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਕੀਤੀ। ਮੀਟਿੰਗ ਦੀ ਸ਼ੁਰੂਆਤ ਬੀਤੇ ਦਿਨਾਂ ਵਿਚ ਸਦੀਵੀ ਵਿਛੋੜਾ ਦੇ ਗਏ ਉੱਘੇ ਗੀਤਕਾਰ ਅਲਮਸਤ ਦੇਸਰਪੁਰੀ ਅਤੇ ਸਭਾ ਦੇ ਮੀਤ ਪ੍ਰਧਾਨ ਸੁਰਜੀਤ ਮਾਧੋਪੁਰੀ ਦੇ ਭੈਣ ਨੂੰ ਸ਼ਰਧਾਂਜਲੀ ਭੇਂਟ ਕਰਨ ਉਪਰੰਤ ਹੋਈ। ਫਿਰ ਕਾਵਿਕ ਦੌਰ ਸ਼ੁਰੂ ਹੋਇਆ ਜਿਸ ਵਿਚ ਹਾਜਰ ਕਵੀਆਂ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ, ਜਿਨ੍ਹਾਂ ਵਿਚ ਪ੍ਰਿਤਪਾਲ ਗਿੱਲ, ਸੁਰਜੀਤ ਸਿੰਘ ਮਾਧੋਪੁਰੀ, ਪਲਵਿੰਦਰ ਸਿੰਘ ਰੰਧਾਵਾ, ਅਮਰੀਕ ਸਿੰਘ ਲੇਲ੍ਹ, ਦਰਸ਼ਨ ਸੰਘਾ, ਬਿੱਕਰ ਸਿੰਘ ਖੋਸਾ, ਹਰਚੰਦ ਸਿੰਘ ਗਿੱਲ, ਹਰਚੰਦ ਬਾਗੜੀ, ਪਰਮਿੰਦਰ ਬਾਗੜੀ, ਅਮਰੀਕ ਪਲਾਹੀ, ਕਵਿੰਦਰ ਚਾਂਦ, ਗੁਰਵਿੰਦਰ ਸਿੰਘ ਧਾਲੀਵਾਲ, ਇੰਦਰਜੀਤ ਧਾਮੀ, ਸੁਰਜੀਤ ਕਲਸੀ, ਗੁਰਮੀਤ ਸਿੰਘ ਸਿੱਧੂ, ਦਵਿੰਦਰ ਜੌਹਲ, ਗੁਰਮਿੰਦਰ ਸਿੱਧੂ, ਕ੍ਰਿਸ਼ਨ ਬੈਕਟਰ, ਰਣਜੀਤ ਸਿੰਘ ਨਿੱਜਰ, ਮੀਤ ਬਾਦਸ਼ਾਹਪੁਰੀ ਅਤੇ ਪਵਿੱਤਰ ਕੌਰ ਨੇ ਆਪਣੀਆਂ ਰਚਨਾਵਾਂ ਰਾਹੀਂ ਖੂਬ ਰੰਗ ਬੰਨ੍ਹਿਆਂ। ਡਾ. ਬਲਦੇਵ ਖਹਿਰਾ ਨੇ ਮਿੰਨੀ ਕਹਾਣੀ ਪੇਸ਼ ਕੀਤੀ। ਚਰਨ ਸਿੰਘ, ਹਰਪਾਲ ਸਿੰਘ ਬਰਾੜ, ਇੰਦਰਪਾਲ ਸਿੰਘ ਸੰਧੂ, ਬਲਬੀਰ ਸੰਘਾ, ਨਰਿੰਦਰ ਸਿੰਘ ਪੰਨੂ, ਗੁਰਮੀਤ ਸਿੰਘ ਸੇਖੋਂ ਪੰਜਾਬੀ ਮਾਤ ਭਾਸ਼ਾ ਦੀ ਵਰਤੋਂ ਅਤੇ ਵਿਕਾਸ ਲਈ ਆਪਣੇ ਵਿਚਾਰ ਪ੍ਰਗਟ ਕੀਤੇ। ਅੰਤ ਵਿਚ ਪ੍ਰਿਤਪਾਲ ਗਿੱਲ ਨੇ ਮੀਟਿੰਗ ਵਿਚ ਆਏ ਸਭਨਾਂ ਲੇਖਕਾਂ, ਪਾਠਕਾਂ, ਸਰੋਤਿਆਂ ਦਾ ਧੰਨਵਾਦ ਕੀਤਾ। ਮੀਟਿੰਗ ਦੀ ਸਮੁੱਚੀ ਕਾਰਵਾਈ ਸਭਾ ਦੇ ਜਨਰਲ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਨੇ ਬਾਖ਼ੂਬੀ ਚਲਾਈ।

# ਤਰਕਸ਼ੀਲ ਸੁਸਾਇਟੀ ਕੈਨੇਡਾ ਵੱਲੋਂ ਵਾਤਾਵਰਣ ਤਬਦੀਲ਼ੀਆਂ ਉਪਰ ਗੰਭੀਰ ਚਿੰਤਾ ਦਾ ਪ੍ਰਗਟਾਵਾ

ਸਰੀ (ਹਰਦਮ ਮਾਨ)- ਤਰਕਸ਼ੀਲ ਸੁਸਾਇਟੀ ਕੈਨੇਡਾ, ਸਰੀ ਦੀ ਮਹੀਨਾਵਾਰ ਮੀਟਿੰਗ ਸੁਸਾਇਟੀ ਦੇ ਪ੍ਰਧਾਨ ਬਾਈ ਅਵਤਾਰ ਦੀ ਪ੍ਰਧਾਨਗੀ ਹੇਠ ਸਰੀ ਸੈਂਟਰਲ ਲਾਇਬਰੇਰੀ ਵਿਚ ਹੋਈ। ਮੀਟਿੰਗ ਵਿਚ ਵਾਤਾਵਰਣ ਦੇ ਸਬੰਧ ਵਿੱਚ ਆ ਰਹੀਆਂ ਗੰਭੀਰ ਸਮੱਸਿਆਵਾਂ ਬਾਰੇ ਵਿਸਥਾਰਤ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਨੌਜਵਾਨ ਆਗੂ ਰਾਜਵੀਰ ਚੌਹਾਨ ਨੇ ਪਿਛਲੇ ਦਿਨੀਂ ਵਿਗਿਆਨੀਆਂ ਵੱਲੋਂ ਲੋਕ ਨਸ਼ਰ ਬਹੁਤ ਹੀ ਅਮੁੱਲੇ ਤੱਥਾਂ ਨੂੰ ਸਕਰੀਨ ‘ਤੇ ਨਕਸ਼ਿਆਂ ਰਾਹੀਂ ਅੰਕੜੇ ਸਾਂਝੇ ਕਰਕੇ ਦੱਸਿਆ ਕਿ ਮਨੁੱਖ ਵਿਕਾਸ ਦੇ ਨਾਂ ਤੇ ਅੱਗੇ ਵਧ ਰਿਹਾ ਹੈ ਪਰ ਪਿੱਛੇ ਅਪਣਾ ਝੁੱਗਾ ਚੌੜ ਕਰਦਾ ਜਾ ਰਿਹਾ ਹੈ। ਤਰੱਕੀ ਦੇ ਨਾਂ ‘ਤੇ ਆਉਣ ਵਾਲੀਆਂ ਨਸਲਾਂ ਲਈ ਖੱਡੇ ਪੁੱਟ ਰਿਹਾ ਹੈ। ਸਿਰਫ 15 ਪ੍ਰਤੀਸ਼ਤ ਅਮੀਰ ਲੋਕ ਆਪਣੇ ਨਿੱਜੀ ਮੁਨਾਫ਼ੇ ਲਈ ਮਨੁੱਖਤਾ ਦੀਆਂ ਮੁੱਢਲੀਆਂ ਲੋੜਾਂ ਹਵਾ, ਪਾਣੀ ਤੇ ਖੁਰਾਕ ਨੂੰ ਪ੍ਰਦੂਸ਼ਤ ਕਰਕੇ ਵਾਤਾਵਰਣ ਨੂੰ ਜ਼ਹਿਰੀ ਬਣਾ ਰਹੇ ਹਨ ਜਿਸ ਕਾਰਨ ਜੀਵਾਂ ਦਾ ਜਿਊਣਾ ਅਸੰਭਵ ਹੋ ਜਾਵੇਗਾ। ਸੁਸਾਇਟੀ ਦੇ ਮੈਂਬਰ ਗੁਰਮੇਲ ਗਿੱਲ ਨੇ ਪੰਜਾਬ ਦੇ ਸੰਦਰਭ ਵਿਚ ਬੋਲਦਿਆਂ ਕਿਹਾ ਕਿ ਪਰਾਲ਼ੀ ਵਰਗੇ ਮੁੱਦੇ ‘ਤੇ ਲੋਕਾਂ ਨੂੰ ਸੁਚੇਤ ਹੋਣ ਦੇ ਨਾਲ ਨਾਲ ਸਰਕਾਰਾਂ ਵੱਲੋਂ ਫੈਲਾਏ ਜਾ ਰਹੇ ਪ੍ਰਦੂਸ਼ਨ ਸਬੰਧੀ ਲੋਕਾਂ ਨੂੰ ਜਾਗਰਿਤ ਹੋਣਾ ਪਵੇਗਾ। ਸੁਖਦੇਵ ਮਾਨ ਨੇ ਕੁੱਝ ਦਵਾਈਆਂ ਦੇ ਮਾਰੂ ਪ੍ਰਭਾਵਾਂ ਬਾਰੇ ਗੱਲਬਾਤ ਕੀਤੀ। ਸਵਾਲਾਂ ਜਵਾਬਾਂ ਵਿਚ ਵੀ ਇਸ ਵਿਸ਼ੇ ਪ੍ਰਤੀ ਚਿੰਤਾ ਜ਼ਾਹਰ ਕੀਤੀ ਗਈ। ਤਰਕਸ਼ੀਲ ਸੁਸਾਇਟੀ ਦੀ ਸਕੱਤਰ ਪਰਮਿੰਦਰ ਸਵੈਚ ਨੇ ਕਿਹਾ ਹੈ ਕਿ ਸੁਸਾਇਟੀ ਵਿਗਿਆਨ ਦੇ ਨਜ਼ਰੀਏ ਤੋਂ ਸਮਾਜਿਕ ਚੇਤਨਾ ਪ੍ਰਤੀ ਲੋਕਾਂ ਨੂੰ ਅਪਣਾ ਪੱਖ ਦੱਸਣ ਲਈ ਪੁਰਜ਼ੋਰ ਕੋਸ਼ਿਸ਼ਾਂ ਕਰਦੀ ਰਹਿੰਦੀ ਹੈ ਤਾਂ ਕਿ ਲੋਕ ਆਪਣੀਆਂ ਬਦਹਾਲੀ ਤੇ ਮੰਦਹਾਲੀ ਦੀਆਂ ਹਾਲਤਾਂ ਵਿੱਚੋਂ ਬਾਹਰ ਨਿਕਲਣ ਲਈ ਸੁਚੇਤ ਹੋਣ। ਸੁਸਾਇਟੀ ਵੱਲੋਂ 2022 ਤੋਂ ਉਲੀਕੇ ਗਏ ਪ੍ਰੋਗਰਾਮਾਂ ਅਨੁਸਾਰ ਹਰ ਮਹੀਨੇ ਦੇ ਤੀਜੇ ਐਤਵਾਰ ਇਕ ਮਹੱਤਵਪੂਰਨ ਵਿਸ਼ੇ ਤੇ ਜਾਣਕਾਰੀ ਦਿੱਤੀ ਜਾਂਦੀ ਹੈ। ਜਨਵਰੀ ਵਿਚ ਸਮਾਜਿਕ ਚੇਤਨਾ ਬਾਰੇ, ਫਰਵਰੀ ਵਿੱਚ ਬ੍ਰਹਿਮੰਡ ਦੀ ਉਤਪਤੀ ਤੇ ਵਿਗਿਆਨਕ ਸਿਧਾਂਤਾਂ ਬਾਰੇ ਅਤੇ ਮਾਰਚ ਵਿੱਚ ਸ਼ਹੀਦ ਭਗਤ ਸਿੰਘ ਵਿਚਾਰਧਾਰਾ ਤੇ ਔਰਤ ਦਿਵਸ ਸਬੰਧੀ ਗੱਲਬਾਤ ਕੀਤੀ ਗਈ ਸੀ। ਮਈ ਵਿੱਚ ਕਿਰਤ ਦੀ ਮਹੱਤਤਾ ਤੇ ਮਈ ਦਿਵਸ ਬਾਰੇ ਵਿਚਾਰ ਚਰਚਾ ਕੀਤੀ ਜਾਵੇਗੀ। ਇਸ ਮੀਟਿੰਗ ਵਿਚ ਸਾਧੂ ਸਿੰਘ ਗਿੱਲ, ਜਗਰੂਪ ਧਾਲੀਵਾਲ, ਪਰਮਿੰਦਰ ਸਵੈਚ, ਤਪਿੰਦਰ ਢਿੱਲੋਂ, ਸਰਬਜੀਤ ਓਖਲਾ, ਮਲਕੀਤ ਸਰਾਂ, ਦੀਪ ਸਿੰਘ ਤਖਾਣਬੱਧ ਤੇ ਹੋਰ ਮੈਂਬਰ ਸ਼ਾਮਲ ਹੋਏ। ਅੰਤ ਵਿੱਚ ਇਸ ਸਾਰਥਕ ਗੱਲਬਾਤ ਨੂੰ ਸਮੇਟਦਿਆਂ ਪ੍ਰਧਾਨ ਅਵਤਾਰ ਬਾਈ ਨੇ ਸਭ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਗੁਰਦੁਆਰਾ ਖਾਲਸਾ ਦੀਵਾਨ ਸੋਸਾਇਟੀ ਐਬਟਸਫੋਰਡ ਦੀ ਚੋਣ ਦੇ ਮੁੱਦੇ ਨੂੰ ਲੈ ਕੇ ਫਿਰ ਛਿੜਿਆ ਵਿਵਾਦ

**• ਮੌਜੂਦਾ ਪ੍ਰਬੰਧਕ ਕਮੇਟੀ ਉੱਪਰ ਚੋਣ ਨਾ ਕਰਵਾਉਣ ਦੇ ਲੱਗੇ ਦੋਸ਼ • ਕਮੇਟੀ ਅਹੁਦੇਦਾਰ ਚੋਣ ਕਰਵਾਉਣ ਲਈ ਤਿਆਰ, ਪਰ ਕੁਝ ਦੇਰੀ ਹੋਣ ਦੇ ਮਿਲ ਰਹੇ ਨੇ ਸੰਕੇਤ**

ਵੈਨਕੂਵਰ (ਬਰਾੜ-ਭਗਤਾ ਭਾਈ ਕਾ) ਐਬਟਸਫੋਰਡ ਵਿਖੇ ਸਥਿੱਤ ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੋਸਾਇਟੀ ਦੀ ਚੋਣ ਨੂੰ ਲੈ ਕੇ ਇੱਕ ਵਾਰ ਫਿਰ ਧੂਣੀ ਧੁਖ ਗਈ ਹੈ ਕਿਉਂਕਿ ਗੁਰਦੁਆਰਾ ਸਾਹਿਬ ਦੇ ਵਿਧਾਨ ਮੁਤਾਬਕ ਹਰ ਦੋ ਸਾਲ ਬਾਅਦ ਚੋਣ ਹੋਣੀ ਜ਼ਰੂਰੀ ਹੈ ਅਤੇ ਇਹ ਚੋਣ ਅਪ੍ਰੈਲ ਦੇ ਚੌਥੇ ਐਤਵਾਰ ਕਰਵਾਉਣ ਦਾ ਪੱਕੇ ਤੌਰ ‘ਤੇ ਮਤਾ ਪਾਇਆ ਹੋਇਆ ਹੈ। ਜਾਣਕਾਰੀ ਅਨੁਸਾਰ ਅਪ੍ਰੈਲ ਦੇ ਤੀਜੇ ਹਫ਼ਤੇ ਜਨਰਲ ਮੀਟਿੰਗ ਬੁਲਾਈ ਜਾਂਦੀ ਹੈ ਅਤੇ ਇਸ ਮੀਟਿੰਗ ਤੋਂ ਤਿੰਨ ਹਫ਼ਤੇ ਪਹਿਲਾਂ ਤਿੰਨ ਜਾਂ ਪੰਜ ਮੈਂਬਰੀ ਇੱਕ ਨੋਮੀਨੇਸ਼ਨ ਕਮੇਟੀ ਦਾ ਗਠਨ ਕੀਤਾ ਜਾਂਦਾ ਹੈ ਜਿਸ ਨੂੰ ਚੋਣ ਕਰਵਾਉਣ ਦੇ ਅਧਿਕਾਰ ਦਿੱਤੇ ਜਾਂਦੇ ਹਨ ਅਤੇ ਇਸ ਕਮੇਟੀ ਨੇ ਜਨਰਲ ਮੀਟਿੰਗ ਵਿੱਚ ਚੋਣ ਪ੍ਰਕ੍ਰਿਆ ਬਾਰੇ ਦੱਸਣਾ ਹੁੰਦਾ ਹੈ ਕਿ ਅਗਲੇ ਹਫ਼ਤੇ ਚੋਣ ਹੋਵੇਗੀ ਜਾਂ ਸਰਬ-ਸੰਮਤੀ ਨਾਲ ਪ੍ਰਬੰਧਕ ਕਮੇਟੀ ਚੁਣ ਲਈ ਹੈ। ਵਿਰੋਧੀ ਧਿਰ ਵੱਲੋਂ ਮੌਜੂਦਾ ਪ੍ਰਬੰਧਕ ਕਮੇਟੀ ‘ਤੇ ਦੋਸ਼ ਹਨ ਕਿ ਗੁਰਦੁਆਰਾ ਸਾਹਿਬ ਦੇ ਪ੍ਰਬੰਧ ‘ਤੇ ਕਾਬਜ ਕਮੇਟੀ ਚੋਣ ਨਾ ਕਰਵਾਉਣ ਦਾ ਇਰਾਦਾ ਧਾਰ੍ਹੀ ਬੈਠੀ ਹੈ। ਸਤਨਾਮ ਸਿੰਘ ਗਿੱਲ ਨੇ ਦੱਸਿਆ ਹੈ ਕਿ 2016 ਤੋਂ ਬਾਅਦ ਮੌਜੂਦਾ ਪ੍ਰਬੰਧਕ ਕਮੇਟੀ ਚੋਣ ਹੀ ਨਹੀਂ ਕਰਵਾ ਰਹੀ ਅਤੇ ਹਰ ਦੋ ਸਾਲ ਬਾਅਦ ਹੋਣ ਵਾਲੀ ਚੋਣ ਨੂੰ ਕੋਈ ਨਾ ਕੋਈ ਨਵਾਂ ਹੀ ਵਿਵਾਦ ਛੇੜ ਕੇ ਜਾਂ ਕੋਈ ਬਹਾਨਾ ਘੜ ਕੇ ਚੋਣ ਟਾਲ਼ ਦਿੱਤੀ ਜਾਂਦੀ ਹੈ। ਉਨ੍ਹਾਂ ਨੇ ਇਹ ਵੀ ਦੋਸ਼ ਲਾਇਆ ਕਿ ਹੁਣ ਅਪ੍ਰੈਲ 2022 ਨੂੰ ਹੋਣ ਵਾਲੀ ਚੋਣ ਬਾਰੇ ਵੀ ਚੋਣ ਟਾਲ਼ਣ ਦੇ ਸੰਕੇਤ ਮਿਲ ਰਹੇ ਹਨ। 17 ਅਪ੍ਰੈਲ ਨੂੰ ਹੋਣ ਵਾਲੀ ਜਨਰਲ ਮੀਟਿੰਗ ਸੱਦੀ ਹੀ ਨਹੀਂ ਜਿਸ ਤੋਂ ਸਾਫ਼ ਹੀ ਨਜ਼ਰ ਆ ਰਿਹਾ ਕਿ ਇਹ ਕਮੇਟੀ ਚੋਣ ਕਰਵਾਏਗੀ ਹੀ ਨਹੀ। ਦੂਜੇ ਪਾਸੇ ਜਦੋਂ ਗੁਰਦੁਆਰਾ ਸਾਹਿਬ ਦੇ ਉਪ ਪ੍ਰਧਾਨ ਭਜਨ ਸਿੰਘ ਤੂਰ ਅਤੇ ਖ਼ਜ਼ਾਨਚੀ ਸੁਰਿੰਦਰਪਾਲ ਗਰੇਵਾਲ ਨਾਲ ਇਸ ਚੋਣ ਬਾਰੇ ਗੱਲ ਕਰਕੇ ਉਨ੍ਹਾਂ ਦਾ ਪੱਖ ਜਾਣਿਆਂ ਤਾਂ ਉਨ੍ਹਾਂ ਨੇ ਕਿਹਾ ਕਿ ਚੋਣ ਜ਼ਰੂਰ ਕਰਵਾਈ ਜਾਵੇਗੀ ਪਰ ਕੁਝ ਕਾਰਨਾਂ ਕਰਕੇ ਦੇਰੀ ਜ਼ਰੂਰ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਉਹ ਚੋਣ ਨਾ ਕਰਵਾਉਣ ‘ਚ ਕੋਈ ਇਰਾਦਾ ਨਹੀਂ ਰੱਖਦੇ। ਉਨ੍ਹਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਪ੍ਰਬੰਧਕੀ ਕਮੇਟੀ ਦੇ ਕੁਝ ਅਹਿਮ ਅਹੁਦੇਦਾਰ ਇੰਡੀਆ ਗਏ ਹੋਏ ਹਨ ਜਿਸ ਕਰਕੇ ਚੋਣ ‘ਚ ਦੇਰੀ ਹੋ ਰਹੀ ਹੈ। ਅੱਗੇ ਜਾ ਕੇ ਉਨ੍ਹਾਂ ਇਸ ਗੱਲ ਦਾ ਵੀ ਖਾਸ ਕਰਕੇ ਜ਼ਿਕਰ ਕੀਤਾ ਕਿ ਉਨ੍ਹਾਂ ਦੀ ਵਿਰੋਧੀ ਧਿਰ ਦੇ 26 ਮੈਂਬਰਾਨ ਦੀ ਮੈਂਬਰਸ਼ਿਪ ਖ਼ਾਰਜ ਕੀਤੀ ਹੋਈ ਹੈ ਜਿਸ ਕਰਕੇ ਉਹ ਚੋਣ ਤਾਂ ਕੀ, ਗੁਰਦੁਆਰਾ ਸਾਹਿਬ ਦੇ ਪ੍ਰਬੰਧ ਵਿੱਚ ਆਪਣੀ ਸ਼ਮੂਲੀਅਤ ਵੀ ਨਹੀਂ ਲਿਆ ਸਕਦੇ ਸਿਰਫ਼ ਗੁਰੂਘਰ ਮੱਥਾ ਟੇਕਣ ਹੀ ਆ ਸਕਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਜਿਹੜਾ ਵਿਅਕਤੀ ਗੁਰੂਘਰ ਦਾ ਮੈਂਬਰ ਹੀ ਨਹੀਂ, ਉਸ ਨੂੰ ਗੁਰਦੁਆਰਾ ਸਾਹਿਬ ਦੀ ਚੋਣ ਬਾਰੇ ਗੱਲ ਕਰਨ ਦਾ ਕੀ ਅਧਿਕਾਰ ਹੈ। ਆਖ਼ਰ ਵਿੱਚ ਮੌਜੂਦਾ ਕਮੇਟੀ ਅਹੁਦੇਦਾਰਾਂ ਨੇ ਫਿਰ ਕਿਹਾ ਕਿ ਉਨ੍ਹਾਂ ਦੇ ਭਾਰਤ ਗਏ ਹੋਏ ਅਹੁਦੇਦਾਰਾਂ ਦੀ ਵਾਪਸੀ ‘ਤੇ ਇੱਕ ਮੀਟਿੰਗ ਬੁਲਾ ਕੇ ਚੋਣ ਕਰਵਾਉਣ ਦੀ ਤਾਰੀਖ ਨਿਯੁਕਤ ਕਰ ਦਿੱਤੀ ਜਾਵੇਗੀ।

## ਪ੍ਰਿਤਪਾਲ ਸਿੰਘ ਦੇ ਕਾਤਲ ਰਾਬਰਟ ਟੋਮਲਜੇਨੋਵਿਕ ਨੂੰ 12 ਸਾਲ ਕੈਦ ਦੀ ਸਜ਼ਾ

ਵੈਨਕੂਵਰ-7 ਅਪ੍ਰੈਲ 2020 ਨੂੰ ਨਿਊਟਨ ਵਿਚ 21 ਸਾਲਾ ਪ੍ਰਿਤਪਾਲ ਸਿੰਘ ਦੀ ਗੋਲੀਬਾਰੀ ਵਿਚ ਮੌਤ ਲਈ ਕਾਤਲ ਰਾਬਰਟ ਟੋਮਲਜੇਨੋਵਿਕ ਨੂੰ 12 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਜਨਵਰੀ ਵਿਚ ਟਰਾਇਲ ਪਿੱਛੋਂ ਟੋਮਲਜੇਨੋਵਿਕ ਨੂੰ ਸੈਕਿੰਡ ਡਿਗਰੀ ਲਈ ਨਹੀਂ ਸਗੋਂ ਮੈਨਸਲਾਟਰ ਅਤੇ ਇਕ ਅਗਨੀ ਸ਼ਾਸਤਰ ਨਾਲ ਡਕੈਤੀ ਕਰਨ ਲਈ ਕਸੂਰਵਾਰ ਪਾਇਆ ਗਿਆ ਸੀ। ਉਸ ਨੂੰ ਨਿਊ ਵੈਸਟਮਿਨਸਟਰ ਵਿਚ ਬੀਸੀ ਸੁਪਰੀਮ ਕੋਰਟ ਨੇ 12 ਅਪ੍ਰੈਲ ਨੂੰ ਸਜ਼ਾ ਸੁਣਾਈ। ਇੰਟੀਗ੍ਰੇਟਿਡ ਹੋਮੀਸਾਈਡ ਟੀਮ ਦੇ ਸਾਰਜੈਂਟ ਡੇਵਿਡ ਲੀ ਨੇ ਕਿਹਾ ਕਿ ਸਰੀ ਆਰਸੀਐਮਪੀ, ਇੰਟੀਗ੍ਰੇਟਿਡ ਫੌਰੈਂਸਿਕ ਆਈਡੈਂਟੀਫਿਕਸੇਸ਼ਨ ਸੈਕਸ਼ਨ ਅਤੇ ਹੋਮੀਸਾਈਡ ਤੇ ਮੇਜਰ ਕਰਾਈਮ ਇਨਵੈਸਟੀਗੇਟਰਾਂ ਲਗਾਤਾਰ ਸਬੂਤ ਇਕੱਤਰ ਕਰਦੇ ਰਹੇ। ਸਾਡੇ ਜਾਂਚ ਅਧਿਕਾਰੀਆਂ ਤੇ ਪਾਰਟਨਰਾਂ ਦੀਆਂ ਕਾਰਵਾਈਆਂ ਨਾਲ ਅਸੀਂ ਜ਼ਿੰਮੇਵਾਰ ਵਿਅਕਤੀ ਦੀ ਪਛਾਣ ਕਰਨ ਤੇ ਉਸ ਨੂੰ ਤੁਰੰਤ ਕਾਬੂ ਕਰਨ ਦੇ ਸਮਰਥ ਹੋਏ ਸੀ। ਅਸੀਂ ਆਸ ਕਰਦੇ ਹਾਂ ਕਿ ਇਸ ਨਤੀਜੇ ਨਾਲ ਪ੍ਰਿਤਪਾਲ ਸਿੰਘ ਦੇ ਪਰਿਵਾਰ ਨੂੰ ਕੁਝ ਰਾਹਤ ਮਿਲੇਗੀ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ੋਰੈਂਸ
• ਬਿਜ਼ਨੈਸ • ਟਰੈਵਲ

YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899

Tarlok (Tony) Chandi
778-858-7878

Arjun Singh
604.760.3661





# ਮਰਹੂਮ ਜੋਗਿੰਦਰ ਸ਼ਮਸ਼ੇਰ ਦੀ ਸਵੈ ਜੀਵਨੀ 'ਬੀਤੇ ਦਾ ਸ਼ਫ਼ਰ' ਉੱਪਰ ਵਿਚਾਰ ਚਰਚਾ

ਸਰੀ (ਹਰਦਮ ਮਾਨ)-ਨਾਮਵਰ ਪੰਜਾਬੀ ਸਾਹਿਤਕਾਰ ਸਵ. ਜੋਗਿੰਦਰ ਸ਼ਮਸ਼ੇਰ ਦੀ ਬੇਟੀ ਊਸ਼ਮਾ ਮਘੇੜਾ ਅਤੇ ਪਰਿਵਾਰ ਵੱਲੋਂ ਬੀਤੇ



ਦਿਨ ਪੰਜਾਬ ਭਵਨ ਦੇ ਸਹਿਯੋਗ ਨਾਲ ਮਰਹੂਮ ਜੋਗਿੰਦਰ ਸ਼ਮਸ਼ੇਰ ਦੀ ਸਵੈ ਜੀਵਨੀ ਬੀਤੇ ਦਾ ਸਫ਼ਰ ਲੋਕ ਅਰਪਣ ਕਰਨ ਅਤੇ ਇਸ ਉੱਪਰ ਵਿਚਾਰ ਕਰਨ ਲਈ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਡਾ. ਸਾਧੂ ਸਿੰਘ, ਡਾ. ਸੁਰਿੰਦਰ ਧੰਜਲ, ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਅਤੇ ਜਰਨੈਲ ਸਿੰਘ ਆਰਟਿਸਟ ਨੇ ਕੀਤੀ। ਸਮਾਗਮ ਦਾ ਆਗਾਜ਼ ਸਤਵੰਤ ਦੀਪਕ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ। ਸਤਵੰਤ ਦੀਪਕ ਨੇ ਕਿਹਾ ਕਿ ਬੀਤੇ ਦਾ ਸਫਰ ਜੋਗਿੰਦਰ ਸ਼ਮਸ਼ੇਰ ਦੀ ਆਤਮ ਕਥਾ ਹੀ ਨਹੀਂ ਸਗੋਂ ਜੀਵਨ ਦੀਆਂ ਖ਼ੁਸ਼ੀਆਂ, ਗ਼ਮੀਆਂ, ਧੁੱਪਾਂ, ਛਾਵਾਂ, ਮਿੱਠੀਆਂ, ਕੌੜੀਆਂ ਯਾਦਾਂ ਨਾਲ ਓਤਪੋਤ ਸੱਚੇ ਦਿਲੋਂ ਲਿਖਿਆ ਇਕਬਾਲੀਆ ਬਿਆਨ ਹੈ। ਉਨ੍ਹਾਂ ਕਿਹਾ ਕਿ ਜੋਗਿੰਦਰ ਸ਼ਮਸ਼ੇਰ ਨੇ ਇਸ ਵਿਚ ਭਾਰਤ ਦੀ ਜੰਗੇ ਆਜ਼ਾਦੀ ਦਾ ਸਹੀ ਇਤਿਹਾਸ, ਬ੍ਰਿਟਿਸ਼ ਸਾਮਰਾਜ ਦੀਆਂ ਮੱਕਾਰੀਆਂ, ਦੇਸ਼ ਦੀ ਵੰਡ, ਸਿਆਸੀ ਪਾਰਟੀਆਂ ਵਿੱਚ ਦੇ ਕਿਰਦਾਰ ਅਤੇ ਜੋੜ ਤੋੜ, ਮੌਕਾਪ੍ਰਸਤੀ, ਬੇਵਿਸ਼ਵਾਸੀ, ਜਾਤ ਪਾਤ ਦੀ ਹਉਮੈ ਦਾ ਵਰਨਣ ਬੇਬਾਕੀ ਨਾਲ ਕੀਤਾ ਹੈ। ਉਹ ਇੱਕ ਵਿਲੱਖਣ ਤੇ ਨਿਰਵਿਵਾਦ ਸ਼ਖ਼ਸੀਅਤ ਦੇ ਮਾਲਕ ਅਤੇ ਕਲਮ ਦੇ ਧਨੀ ਸਨ। ਪੁਸਤਕ ਉੱਪਰ ਚਰਚਾ ਕਰਦਿਆਂ ਡਾ. ਸਾਧੂ ਬਿਨਿੰਗ, ਅਜਮੇਰ ਰੋਡੇ, ਸੁਖਵੰਤ ਹੁੰਦਲ, ਮੋਹਨ ਗਿੱਲ, ਬਲਵੀਰ ਸਿੰਘ ਸੰਘੇੜਾ ਅਤੇ ਅਮਰਜੀਤ ਚਾਹਲ ਨੇ ਜੋਗਿੰਦਰ ਸ਼ਮਸ਼ੇਰ ਦੇ ਸਦੀਵੀ ਵਿਛੋੜੇ ਉਪਰੰਤ ਇਸ ਪੁਸਤਕ ਦੀ ਪ੍ਰਕਾਸ਼ਨਾ ਕਰਨ ਲਈ ਉਨ੍ਹਾਂ ਦੀ ਬੇਟੀ ਊਸ਼ਮਾ ਮਘੇੜਾ, ਪਰਿਵਾਰ ਅਤੇ ਸਤਵੰਤ ਦੀਪਕ ਦੇ ਯਤਨਾਂ ਦੀ ਸ਼ਲਾਘਾ ਕੀਤੀ। ਬੁਲਾਰਿਆਂ ਨੇ ਕਿਹਾ ਕਿ ਇਸ ਪੁਸਤਕ ਵਿੱਚ ਸਿਰਫ਼ ਜੋਗਿੰਦਰ ਸ਼ਮਸ਼ੇਰ ਦੇ ਜੀਵਨ ਅਤੇ ਸਾਹਿਤਕ ਸਫ਼ਰ ਬਾਰੇ ਹੀ ਜਾਣਕਾਰੀ ਨਹੀਂ ਮਿਲਦੀ ਸਗੋਂ ਇਸ ਵਿੱਚ ਲਗਪਗ ਪਚਾਸੀ ਵਰ੍ਹਿਆਂ ਦਾ ਇਤਿਹਾਸ, ਵਿਰਸਾ ਅਤੇ ਸੱਭਿਆਚਾਰ ਸਾਂਭਿਆ ਹੋਇਆ ਹੈ। ਹਰਜੀਤ ਦੌਧਰੀਆ ਨੇ ਇਸ ਮੌਕੇ ਆਪਣੀ ਪੁਰਾਣੀ ਕਵਿਤਾ, ਜੋ ਉਨ੍ਹਾਂ ਇੰਗਲੈਂਡ ਵਿਖੇ ਜੋਗਿੰਦਰ ਸ਼ਮਸ਼ੇਰ ਦੀ ਪਤਨੀ ਪ੍ਰਕਾਸ਼ ਦੇ ਭੋਗ ਸਮੇਂ ਪੜ੍ਹੀ ਸੀ, ਸੁਣਾ ਕੇ ਸਰੋਤਿਆਂ ਨੂੰ ਭਾਵੁਕ ਕਰ ਦਿੱਤਾ। ਆਰਟਿਸਟ ਜਰਨੈਲ ਸਿੰਘ ਨੇ ਕਿਹਾ ਕਿ ਇਹ ਪੁਸਤਕ ਇਕ ਇਤਿਹਾਸਕ ਦਸਤਾਵੇਜ਼ ਹੈ। ਜਰਨੈਲ ਸਿੰਘ ਸੇਖਾ ਨੇ ਜੋਗਿੰਦਰ ਸ਼ਮਸ਼ੇਰ ਨਾਲ ਆਪਣੀ ਸਾਂਝ ਦਾ ਜ਼ਿਕਰ ਕਰਦਿਆਂ ਉਨ੍ਹਾਂ ਨਾਲ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਜੋਗਿੰਦਰ ਸ਼ਮਸ਼ੇਰ ਬਹੁਤ ਹੀ ਸਬਰ ਤੇ ਸੰਤੋਖ ਵਾਲੇ ਵਿਅਕਤੀ ਸਨ। ਉਹ ਬਹੁਤ ਸਹਿਜ, ਸੰਜੀਦਾ ਤੇ ਘੱਟ ਬੋਲਦੇ ਸਨ। ਡਾ. ਸੁਰਿੰਦਰ ਧੰਜਲ ਨੇ ਜੋਗਿੰਦਰ ਸ਼ਮਸ਼ੇਰ ਨੂੰ ਇੱਕ ਮਹਾਨ ਸਾਹਿਤਕਾਰ ਦੱਸਦਿਆਂ ਕਿਹਾ ਕਿ ਪੰਜਾਬੀ ਸਾਹਿਤ ਵਿਚ ਉਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਹੈ। ਡਾ. ਸਾਧੂ ਸਿੰਘ ਨੇ ਜੋਗਿੰਦਰ ਸ਼ਮਸ਼ੇਰ ਵੱਲੋਂ ਸਫਰਨਾਮੇ ਅਤੇ ਇਤਿਹਾਸਕ ਖੇਤਰ ਵਿਚ ਕੀਤੇ ਰਚਨਾਤਮਿਕ ਕਾਰਜ ਦੀ ਪ੍ਰਸੰਸਾ ਕਰਦਿਆਂ ਕਿ ਉਹ ਦਰਵੇਸ਼ ਸਾਹਿਤਕਾਰ ਸਨ। ਉਹ ਦ੍ਰਿੜ ਇਰਾਦਾ ਰਖਦੇ ਸਨ ਅਤੇ ਆਪਣਾ ਸਮਾਜਿਕ ਅਤੇ ਸਾਹਿਤਕ ਜੀਵਨ ਦਾ ਪੈਂਡਾ ਵੀ ਉਨ੍ਹਾਂ ਬਹੁਤ ਹੀ ਆਦਰ ਸਤਿਕਾਰ ਨਾਲ ਤੈਅ ਕੀਤਾ। ਅੰਤ ਵਿਚ ਊਸ਼ਮਾ ਮਘੇੜਾ ਨੇ ਸਭਨਾਂ ਸਾਹਿਤਕਾਰਾਂ, ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਵ. ਜੋਗਿੰਦਰ ਸ਼ਮਸ਼ੇਰ ਦੀ ਤਸਵੀਰ ਪੰਜਾਬ ਭਵਨ ਦੀ 'ਹਾਲ ਆਫ ਫੇਮ' ਉੱਪਰ ਸੁਸ਼ੋਭਿਤ ਕੀਤੀ ਗਈ।

ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)

ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.

India Bookworld
Shop Online At:
www.indiabookworld.ca


ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।




604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ


• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀਂ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com





# ਲਾਲ ਕਿਲ੍ਹੇ ਤੇ ਗੁਰੂ ਤੇਗ ਬਹਾਦਰ ਜੀ ਦਾ 400 ਸਾਲਾ ਪ੍ਰਕਾਸ਼ ਪੁਰਬ ਮਨਾਇਆ

ਸਫ਼ਾ 1 ਦੀ ਬਾਕੀ

ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਵੱਡੀਆਂ ਤਾਕਤਾਂ ਗਾਇਬ ਹੋ ਗਈਆਂ, ਵੱਡੇ ਤੂਫਾਨ ਥੰਮ ਗਏ ਪਰ ਭਾਰਤ ਅਜੇ ਵੀ ਅਡੋਲ ਖੜ੍ਹਾ ਹੈ ਤੇ ਅੱਗੇ ਵਧ ਰਿਹਾ ਹੈ। ਉਹ ਇੱਥੇ ਲਾਲ ਕਿਲ੍ਹੇ 'ਚ ਗੁਰੂ ਤੇਗ ਬਹਾਦਰ ਦੇ 400ਵੇਂ ਪ੍ਰਕਾਸ਼ ਪੁਰਬ ਮੌਕੇ ਕਰਵਾਏ ਸਮਾਗਮ ਦੌਰਾਨ ਸੰਬੋਧਨ ਕਰ ਰਹੇ ਸਨ। ਇਸ ਮੌਕੇ 400 ਰਾਗੀਆਂ ਦੇ ਜਥੇ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਗੁਰੂ ਤੇਗ ਬਹਾਦਰ ਦੇ ਉਪਦੇਸ਼ਾਂ ਬਾਰੇ ਚਾਨਣਾ ਪਾਇਆ ਗਿਆ। ਇਸ ਮਗਰੋਂ ਪ੍ਰਧਾਨ ਮੰਤਰੀ ਸ੍ਰੀ ਮੋਦੀ ਨੇ ਲਾਲ ਕਿਲ੍ਹੇ ਦੀ ਫ਼ਸੀਲ ਤੋਂ ਸੰਗਤਾਂ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਭਾਰਤ ਆਪਣੇ ਫ਼ੈਸਲੇ ਖ਼ੁਦ ਕਰਦਾ ਹੈ। ਸਾਨੂੰ ਇੱਕ ਅਜਿਹਾ ਭਾਰਤ ਬਣਾਉਣਾ ਪਵੇਗਾ ਜਿਸਦੀ ਤਾਕਤ ਨੂੰ ਪੂਰਾ ਵਿਸ਼ਵ ਵੇਖੇ ਤੇ ਜੋ ਸੰਸਾਰ ਨੂੰ ਨਵੀਆਂ ਬੁਲੰਦੀਆਂ 'ਤੇ ਲੈ ਜਾਵੇ। ਉਨ੍ਹਾਂ ਕਿਹਾ ਕਿ ਗੁਰੂ ਤੇਗ ਬਹਾਦਰ ਨੇ ਵਿਸ਼ਵ ਇਤਿਹਾਸ ਵਿੱਚ ਧਰਮ ਤੇ ਮਨੁੱਖੀ ਕਦਰਾਂ ਕੀਮਤਾਂ, ਆਦਰਸ਼ਾਂ ਤੇ ਸਿਧਾਂਤਾਂ ਦੀ ਰੱਖਿਆ ਲਈ ਆਪਣੇ ਜੀਵਨ ਦਾ ਬਲਿਦਾਨ ਦਿੱਤਾ। ਉਨ੍ਹਾਂ ਨੂੰ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ 'ਤੇ ਕਸ਼ਮੀਰੀ ਪੰਡਤਾਂ ਦੀ ਧਾਰਮਿਕ ਆਜ਼ਾਦੀ ਦਾ ਸਮਰਥਨ ਕਰਨ ਲਈ ਸ਼ਹੀਦ ਕਰ ਦਿੱਤਾ ਗਿਆ ਸੀ। ਉਨ੍ਹਾਂ ਦਾ ਸ਼ਹੀਦੀ ਦਿਹਾੜਾ ਹਰ ਵਰ੍ਹੇ 24 ਨਵੰਬਰ ਨੂੰ ਮਨਾਇਆ ਜਾਂਦਾ ਹੈ। ਦਿੱਲੀ 'ਚ ਸਥਿਤ ਗੁਰਦੁਆਰਾ ਸੀਸ ਗੰਜ ਸਾਹਿਬ ਤੇ ਗੁਰਦੁਆਰਾ ਰਕਾਬ ਗੰਜ ਸਾਹਿਬ ਉਨ੍ਹਾਂ ਦੀ ਸ਼ਹੀਦੀ ਨਾਲ ਸਬੰਧਤ ਹਨ।

## ਰੂਸ ਵੱਲੋਂ ਯੂਕਰੇਨ ਦੀ ਅਹਿਮ ਬੰਦਰਗਾਹ ਮਾਰੀਓਪੋਲ ਉਪਰ ਕਬਜ਼ੇ ਦਾ ਦਾਅਵਾ

ਕੀਵ-ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਕੂਟਨੀਤਕ ਪੱਖ ਤੋਂ ਅਹਿਮ ਬੰਦਰਗਾਹ ਮਾਰੀਓਪੋਲ 'ਤੇ ਜਿੱਤ ਦਾ ਦਾਅਵਾ ਕਰਨ ਦੀ ਤਿਆਰੀ ਵਿੱਚ ਹਨ ਪਰ ਇਸ ਦੇ ਬਾਵਜੂਦ ਉਨ੍ਹਾਂ ਆਪਣੀਆਂ ਫੌਜਾਂ ਨੂੰ ਯੂਕਰੇਨ ਦੇ ਆਖਰੀ ਗੜ੍ਹ 'ਤੇ ਹਮਲਾ ਕਰਨ ਤੋਂ ਫਿਲਹਾਲ ਰੋਕ ਦਿੱਤਾ ਹੈ। ਰੂਸੀ ਫੌਜਾਂ ਨੇ ਇਸ ਦੱਖਣ-ਪੂਰਬੀ ਸ਼ਹਿਰ ਨੂੰ ਲੰਮੇ ਸਮੇਂ ਤੋਂ ਘੇਰਾ ਪਾਇਆ ਹੋਇਆ ਹੈ ਤੇ ਇਸ ਨੂੰ ਵੱਡੇ ਪੱਧਰ 'ਤੇ ਤਬਾਹ ਕਰ ਦਿੱਤਾ ਹੈ। ਉੱਚ ਅਧਿਕਾਰੀ ਲਗਾਤਾਰ ਸੰਕੇਤ ਦੇ ਰਹੇ ਹਨ ਯੂਕਰੇਨ ਆਪਣਾ ਇਹ ਗੜ੍ਹ ਹਾਰਨ ਵਾਲਾ ਹੈ ਪਰ ਯੂਕਰੇਨੀ ਫੌਜ ਇੱਥੇ ਮਜ਼ਬੂਤੀ ਨਾਲ ਡਟੀ ਹੋਈ ਹੈ। ਪਿਛਲੇ ਕੁਝ ਹਫ਼ਤਿਆਂ ਤੋਂ ਯੂਕਰੇਨ ਦੇ ਫੌਜੀ ਇੱਥੇ ਇਕ ਸਟੀਲ ਪਲਾਂਟ ਅੰਦਰ ਡਟੇ ਹੋਏ ਹਨ। ਰੂਸੀ ਦਸਤਿਆਂ ਨੇ ਇਸ ਸਨਅਤੀ ਇਲਾਕੇ ਦੀ ਘੇਰਾਬੰਦੀ ਕਰਕੇ ਯੂਕਰੇਨੀ ਫੌਜਾਂ ਨੂੰ ਕਈ ਵਾਰ ਆਤਮਸਮਰਪਣ ਕਰਨ ਲਈ ਅਲਟੀਮੇਟਮ ਦਿੱਤੇ ਹਨ।

## ਪੰਜਾਬ ਵਿਚ ਲੋਕਾਂ ਨੂੰ ਜਨਤਕ ਥਾਵਾਂ ਤੇ ਮਾਸਕ ਪਹਿਨਣ ਦੀ ਸਲਾਹ

ਚੰਡੀਗੜ੍ਹ-ਪੰਜਾਬ ਵਿੱਚ ਕਰੋਨਾ ਦੇ ਮਾਮਲੇ ਵਧਣ ਤੋਂ ਬਾਅਦ ਗ੍ਰਹਿ ਵਿਭਾਗ ਨੇ ਲੋਕਾਂ ਨੂੰ ਮੁੜ ਮਾਸਕ ਪਹਿਨਣ ਦੀ ਸਲਾਹ ਦਿੱਤੀ ਹੈ। ਅੱਜ ਕਰੋਨਾ ਨਾਲ ਲੁਧਿਆਣਾ 'ਚ ਇੱਕ ਮੌਤ ਹੋਈ ਹੈ ਤੇ ਸੂਬੇ 'ਚ 23 ਕੇਸ ਆਏ ਹਨ। ਸੂਬੇ ਦੇ ਪ੍ਰਮੁੱਖ ਸਕੱਤਰ (ਗ੍ਰਹਿ) ਅਨੁਰਾਗ ਵਰਮਾ ਵੱਲੋਂ ਜਾਰੀ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਕਈ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਕਰੋਨਾ ਦੇ ਮਾਮਲੇ ਮੁੜ ਵਧਣੇ ਸ਼ੁਰੂ ਹੋ ਗਏ ਹਨ ਜਿਸ ਕਾਰਨ ਲੋਕਾਂ ਨੂੰ ਮਹਾਮਾਰੀ ਦੀ ਲਾਗ ਤੋਂ ਬਚਣ ਲਈ ਮਾਸਕ ਪਹਿਨਣ ਦੀ ਸਲਾਹ ਦਿੱਤੀ ਜਾਂਦੀ ਹੈ। ਗ੍ਰਹਿ ਵਿਭਾਗ ਵੱਲੋਂ ਭੀੜ ਵਾਲੀਆਂ ਥਾਵਾਂ 'ਤੇ ਮਾਸਕ ਪਹਿਨਣਾ ਜ਼ਰੂਰੀ ਕਰ ਦਿੱਤਾ ਗਿਆ ਹੈ। ਹਦਾਇਤਾਂ ਲਾਗੂ ਕਰਾਉਣ ਲਈ ਗ੍ਰਹਿ ਵਿਭਾਗ ਵੱਲੋਂ ਸਾਰੇ ਡਿਪਟੀ ਕਮਿਸ਼ਨਰਾਂ, ਜ਼ਿਲ੍ਹਾ ਪੁਲੀਸ ਮੁਖੀਆਂ, ਪੁਲੀਸ ਕਮਿਸ਼ਨਰਾਂ ਤੇ ਵਧੀਕ ਡੀਜੀਪੀ (ਕਾਨੂੰਨ ਵਿਵਸਥਾ) ਨੂੰ ਵੀ ਪੱਤਰ ਲਿਖਿਆ ਗਿਆ ਹੈ। ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਕੁਝ ਦਿਨ ਪਹਿਲਾਂ ਹੀ ਜਨਤਕ ਅਤੇ ਭੀੜ ਵਾਲੀਆਂ ਥਾਵਾਂ 'ਤੇ ਮਾਸਕ ਪਹਿਨਣਾ ਜ਼ਰੂਰੀ ਕਰ ਦਿੱਤਾ ਗਿਆ ਹੈ। ਕਰੋਨਾ ਦੀ ਤੀਜੀ ਲਹਿਰ ਦੇ ਤਕਰੀਬਨ ਦਮ ਤੋੜਨ ਤੋਂ ਬਾਅਦ ਪੰਜਾਬ ਵਿੱਚ ਵੀ ਪਿਛਲੇ ਚਾਰ ਕੁ ਦਿਨਾਂ ਤੋਂ ਲਾਗ ਦੇ ਮਾਮਲਿਆਂ ਵਿੱਚ ਵਾਧਾ ਹੋ ਗਿਆ ਹੈ। ਸਿਹਤ ਵਿਭਾਗ ਦੇ ਅਧਿਕਾਰੀਆਂ ਮੁਤਾਬਕ ਸੂਬੇ ਵਿੱਚ ਚੌਥੀ ਲਹਿਰ ਨੇ ਇੱਕ ਤਰ੍ਹਾਂ ਨਾਲ ਦਸਤਕ ਦੇ ਦਿੱਤੀ ਹੈ ਤੇ ਸਮੁੱਚੇ ਸਿਹਤ ਅਮਲੇ ਨੂੰ ਚੌਕਸ ਰਹਿਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਸੂਬੇ ਵਿੱਚ ਕਰੋਨਾ ਲਾਗ ਦੇ ਰੋਜ਼ਾਨਾ 30 ਕੇਸ ਆ ਰਹੇ ਹਨ। ਪੰਜਾਬ ਵਿੱਚ ਗ੍ਰਹਿ ਵਿਭਾਗ ਵੱਲੋਂ 10 ਮਾਰਚ ਤੋਂ ਪਹਿਲਾਂ ਹੀ ਸਮੁੱਚੀਆਂ ਪਾਬੰਦੀਆਂ ਹਟਾਉਣ ਦਾ ਐਲਾਨ ਕਰ ਦਿੱਤਾ ਗਿਆ ਸੀ।

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping

Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592

Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:

amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਪੱਤਰਕਾਰ ਕਿਮ ਬੋਲਾਨ ਸੀਏਜੇ ਪੁਰਸਕਾਰ ਲਈ ਨਾਮਜ਼ਦ



ਵੈਨਕੂਵਰ-ਵੈਨਕੂਵਰ ਸਨ ਦੀ ਪੱਤਰਕਾਰ ਕਿਮ ਬੋਲਾਨ ਨੂੰ ਪਿਛਲੇ ਸਾਲ ਡਾਊਨਟਾਊਨ ਵੈਨਕੂਵਰ ਵਿਚ ਯੂਐਨ ਗੈਂਗਸਟਰ ਨੂੰ ਗੋਲੀ ਮਾਰ ਕੇ ਮਾਰਨ ਦੀ ਉਸ ਦੀ ਕਹਾਣੀ ਲਈ ਵਕਾਰੀ ਸੀਏਜੇ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਹੈ। ਬੋਲਾਨ ਦੀ ਯੂਐਨ ਗੈਂਗਸਟਰ ਅਮਨ ਮੰਜ ਬਾਰੇ ਸਟੋਰੀ ਲਈ ਰੋਜ਼ਾਨ ਐਕਸੀਲੈਂਸੀ ਸ਼੍ਰੇਣੀ ਵਿਚ ਕੈਨੇਡੀਅਨ ਐਸੋਸੀਏਸ਼ਨ ਆਫ ਜਰਨਾਲਿਸਟ (ਸੀਏਜੀ) ਪੁਰਸਕਾਰ ਲਈ ਚੋਣ ਕੀਤੀ ਗਈ ਹੈ। ਅਮਨ ਮੰਜ ਨੂੰ ਪਿਛਲੇ ਸਾਲ ਡਾਊਨਟਾਊਨ ਵੈਨਕੂਵਰ ਦੇ ਇਕ ਹੋਟਲ ਦੇ ਪਾਰਕੇਡ ਵਿਚ ਗੋਲੀ ਮਾਰ ਕੇ ਮਾਰ ਦਿੱਤਾ ਸੀ। ਸੀਏਜੇ ਪੁਰਸਕਾਰ ਲਈ ਬੋਲਾਨ ਨੂੰ ਪਹਿਲੀ ਵਾਰ ਨਾਮਜ਼ਦ ਨਹੀਂ ਕੀਤਾ ਗਿਆ ਜਿਹੜਾ ਖੋਜੀ ਕੰਮ 'ਤੇ ਕੇਂਦਰਿਤ ਹੋਣ ਲਈ ਦੇਸ਼ ਵਿਚ ਸਰਬੋਤਮ ਪੱਤਰਕਾਰੀ ਨੂੰ ਮਾਨਤਾ ਦਿੰਦਾ ਹੈ। ਰਿਚਮੰਡ ਵਿਚ ਕਥਿਤ ਮਨੀਲਾਂਡਰਜ਼ ਨੂੰ ਗੋਲੀਬਾਰੀ ਵਿਚ ਨਿਸ਼ਾਨਾ ਬਣਾਉਣ ਲਈ ਉਨ੍ਹਾਂ ਦੀ ਸਟੋਰੀ ਲਈ 2020 ਵਿਚ ਉਸ ਨੂੰ ਅਤੇ ਪੱਤਰਕਾਰ ਗੋਰਡਨ ਹੋਕਸਟਰਾ ਨੂੰ ਇਸੇ ਸ਼੍ਰੇਣੀ ਲਈ ਨਾਮਜ਼ਦ ਕੀਤਾ ਗਿਆ ਸੀ। ਸੀਏਜੇ ਨੇ ਬੁੱਧਵਾਰ 19 ਸ਼੍ਰੇਣੀ ਨੂੰ ਅੰਤਿਮ ਰੂਪ ਦਿੱਤਾ ਹੈ। ਸੀਏਜੇ ਨੂੰ 19 ਸ੍ਰੇਣੀ ਲਈ 522 ਐਂਟਰੀਆਂ ਮਿਲੀਆਂ ਹਨ। ਜੇਤੂਆਂ ਦਾ ਐਲਾਨ 28 ਮਈ ਨੂੰ ਮਾਂਟਰੀਅਲ ਵਿਚ ਸੰਗਠਨ ਦੀ ਸਾਲਾਨਾ ਕਾਨਫਰੰਸ ਵਿਚ ਐਵਾਰਡ ਗਾਲਾ ਵਿਖੇ ਕੀਤਾ ਜਾਵੇਗਾ।

# ਕੁਮਾਰ ਵਿਸ਼ਵਾਸ ਵੱਲੋਂ ਭਗਵੰਤ ਮਾਨ ਸਰਕਾਰ ਤੇ ਪਲਟ ਵਾਰ ਕਿਹਾ ਦਿੱਲੀ ਵਾਲਾ ਆਗੂ ਪੰਜਾਬ ਨਾਲ ਵੀ ਕਰੇਗਾ ਧੋਖਾ

ਨਵੀਂ ਦਿੱਲੀ (ਮਨਧੀਰ ਸਿੰਘ ਦਿਓਲ)-ਰੂਪਨਗਰ ਪੁਲੀਸ ਵੱਲੋਂ ਗਾਜ਼ੀਆਬਾਦ ਸਥਿਤ ਆਪਣੇ ਘਰ ਦੇ ਬਾਹਰ ਚਸਪਾ ਕੀਤੇ ਨੋਟਿਸ ਲਈ ਕੁਮਾਰ ਵਿਸ਼ਵਾਸ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ 'ਤੇ ਪਲਟਵਾਰ ਕੀਤਾ ਹੈ। ਵਿਸ਼ਵਾਸ ਨੇ ਟਵਿੱਟਰ 'ਤੇ ਪੰਜਾਬ ਦੇ ਮੁੱਖ ਮੰਤਰੀ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ, "ਪੰਜਾਬ ਪੁਲੀਸ ਦੀ ਟੀਮ ਸਵੇਰੇ ਮੇਰੇ ਦਰਵਾਜ਼ੇ 'ਤੇ ਸੀ। ਮੈਂ ਭਗਵੰਤ ਮਾਨ ਨੂੰ ਸੁਚੇਤ ਕਰਦਾ ਹਾਂ ਕਿ ਦਿੱਲੀ ਵਿੱਚ ਬੈਠਾ ਵਿਅਕਤੀ ਇੱਕ ਦਿਨ ਤੁਹਾਡੇ ਤੇ ਪੰਜਾਬ, ਦੋਵਾਂ ਨਾਲ ਧੋਖਾ ਕਰੇਗਾ। ਦੇਸ਼ ਨੂੰ ਮੇਰੀ ਚੇਤਾਵਨੀ ਯਾਦ ਰੱਖਣੀ ਚਾਹੀਦੀ ਹੈ।" ਕੁਮਾਰ ਨੇ ਟਵੀਟ ਦੇ ਨਾਲ ਆਪਣੀ ਰਿਹਾਇਸ਼ 'ਤੇ ਪੁਲੀਸ ਕਰਮਚਾਰੀਆਂ ਦੀਆਂ ਤਸਵੀਰਾਂ ਵੀ ਪੋਸਟ ਕੀਤੀਆਂ। ਉਧਰ ਆਮ ਆਦਮੀ ਪਾਰਟੀ ਦੀ ਸਾਬਕਾ ਮੈਂਬਰ ਅਲਕਾ ਲਾਂਬਾ ਨੇ ਵੀ ਬਾਅਦ ਦੁਪਹਿਰ ਟਵੀਟ ਕਰਕੇ ਪੰਜਾਬ ਪੁਲੀਸ ਵੱਲੋਂ ਉਸ ਦੇ ਘਰ ਦਸਤਕ ਦੇਣ ਬਾਰੇ ਜਾਣਕਾਰੀ ਸਾਂਝੀ ਕੀਤੀ। ਲਾਂਬਾ ਨੇ ਟਵੀਟ ਕੀਤਾ, "ਪੰਜਾਬ ਪੁਲੀਸ ਮੇਰੇ ਘਰ ਪਹੁੰਚ ਗਈ ਹੈ। ਹੁਣ ਕਿਸੇ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਆਮ ਆਦਮੀ ਪਾਰਟੀ ਪੁਲੀਸ ਨੂੰ ਕਿਉਂ ਚਾਹੁੰਦੀ ਸੀ... ਜਿਵੇਂ ਕਿ ਭਾਜਪਾ ਆਪਣੇ ਵਿਰੋਧੀਆਂ ਨੂੰ ਡਰਾਉਣ ਅਤੇ ਉਨ੍ਹਾਂ ਦੀ ਆਵਾਜ਼ ਨੂੰ ਦਬਾਉਣ ਲਈ ਕਰਦੀ ਹੈ। ਕੁਝ ਸ਼ਰਮ ਕਰੋ ਕੇਜਰੀਵਾਲ ਜੀ।" ਚੇਤੇ ਰਹੇ ਕਿ ਇਸ ਮਹੀਨੇ ਦੀ ਸ਼ੁਰੂਆਤ 'ਚ ਪੰਜਾਬ ਪੁਲੀਸ ਨੇ ਦਿੱਲੀ ਭਾਜਪਾ ਦੇ ਦੋ ਆਗੂਆਂ ਤਜਿੰਦਰ ਪਾਲ ਸਿੰਘ ਬੱਗਾ ਅਤੇ ਨਵੀਨ ਕੁਮਾਰ ਜਿੰਦਲ ਖਿਲਾਫ਼ ਕੇਸ ਦਰਜ ਕੀਤਾ ਸੀ। ਬੱਗਾ 'ਤੇ ਫਿਲਮ 'ਦਿ ਕਸ਼ਮੀਰ ਫਾਈਲਜ਼' ਦੇ ਹਵਾਲੇ ਨਾਲ ਕੇਜਰੀਵਾਲ ਖਿਲਾਫ਼ ਟਿੱਪਣੀਆਂ ਕਰਨ ਦੇ ਦੋਸ਼ ਵਿੱਚ ਅਤੇ ਜਿੰਦਲ 'ਤੇ 6 ਅਪਰੈਲ ਨੂੰ ਕੇਜਰੀਵਾਲ ਦੀ ਇਕ ਵੀਡੀਓ ਕਲਿੱਪ ਸ਼ੇਅਰ ਕਰਨ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਗਿਆ ਸੀ।

## ਸ਼੍ਰੋਮਣੀ ਅਕਾਲੀ ਦਲ ਵੱਲੋਂ ਕਿਸਾਨਾਂ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਕਰਨ ਦਾ ਵਿਰੋਧ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਆਖਿਆ ਕਿ ਉਹ ਸਹਿਕਾਰੀ ਬੈਂਕਾਂ ਨੂੰ ਉਨ੍ਹਾਂ ਕਿਸਾਨਾਂ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ ਨਾ ਕਰਨ ਦੀਆਂ ਹਦਾਇਤਾਂ ਦੇਣ, ਜਿਨ੍ਹਾਂ ਨੇ ਆਰਥਿਕ ਤੰਗੀ ਕਾਰਨ ਕਰਜ਼ੇ ਨਹੀਂ ਉਤਾਰੇ। ਪਾਰਟੀ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਹੈਰਾਨੀ ਪ੍ਰਗਟ ਕੀਤੀ ਕਿ ਬਠਿੰਡਾ, ਮਾਨਸਾ, ਫਿਰੋਜ਼ਪੁਰ ਤੇ ਫਾਜ਼ਿਲਕਾ ਜ਼ਿਲ੍ਹਿਆਂ ਵਿੱਚ ਪੰਜਾਬ ਖੇਤੀਬਾੜੀ ਵਿਕਾਸ ਬੈਂਕ ਤੋਂ ਲਏ ਕਰਜ਼ੇ ਮੋੜਨ ਤੋਂ ਅਸਮਰੱਥ ਕਿਸਾਨਾਂ ਦੀ ਗ੍ਰਿਫ਼ਤਾਰੀ ਲਈ ਵਾਰੰਟ ਜਾਰੀ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੂਬੇ ਦੀ ਨਰਮਾ ਪੱਟੀ ਦੇ ਕਿਸਾਨ ਵੱਧ ਡਿਫਾਲਟਰ ਹਨ। ਸ੍ਰੀ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਸੂਬੇ ਦੇ ਖੇਤੀਬਾੜੀ ਸੰਕਟ ਤੋਂ ਭਲੀ-ਭਾਂਤ ਜਾਣੂ ਹਨ ਤੇ ਉਹ ਆਪ ਵੀ ਹਮੇਸ਼ਾਂ ਕਿਸਾਨਾਂ ਨਾਲ ਸਖ਼ਤੀ ਵਰਤਣ ਦਾ ਵਿਰੋਧ ਕਰਦੇ ਰਹੇ ਹਨ। ਉਨ੍ਹਾਂ ਮੰਗ ਕੀਤੀ ਕਿ ਗ੍ਰਿਫ਼ਤਾਰੀ ਵਾਰੰਟ ਤੁਰੰਤ ਵਾਪਸ ਲਏ ਜਾਣ। ਅਕਾਲੀ ਆਗੂ ਨੇ ਕਿਹਾ ਕਿ ਸਰਕਾਰ ਨੂੰ ਕਿਸਾਨਾਂ ਦੀ ਹਰ ਸੰਭਵ ਮਦਦ ਕਰਨੀ ਚਾਹੀਦੀ ਹੈ, ਉਨ੍ਹਾਂ ਨੂੰ ਕਣਕ ਦਾ ਝਾੜ ਘੱਟਣ 'ਤੇ 500 ਰੁਪਏ ਪ੍ਰਤੀ ਕੁਇੰਟਲ ਬੋਨਸ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਡੀਜ਼ਲ 'ਤੇ ਵੈਟ ਘਟਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਕਿਸਾਨਾਂ ਦਾ ਕਰਜ਼ਾ ਘਟਾਉਣ ਲਈ ਹੋਰ ਸਕੀਮਾਂ ਸ਼ੁਰੂ ਕਰਨੀਆਂ ਚਾਹੀਦੀਆਂ ਹਨ।




# ਪੰਜਾਬੀ ਜੋੜੇ ਨੇ ਜਿੱਤਿਆ 10 ਲੱਖ ਡਾਲਰ ਦਾ ਲੋਟੋ ਇਨਾਮ

ਸਰੀ-ਪੰਜਾਬੀ ਜੋੜੇ ਜਰਨੈਲ ਖੱਟੜਾ ਤੇ ਮਨਜਿੰਦਰ ਖੱਟੜਾ ਨੇ ਇਕ ਮਿਲੀਅਨ ਡਾਲਰ ਦਾ ਲੋਟੋ 6/49 ਇਨਾਮ ਜਿੱਤਿਆ ਹੈ। ਇਹ ਜੇਤੂ ਟਿਕਟ 26 ਫਰਵਰੀ ਨੂੰ ਉਨ੍ਹਾਂ ਨੇ ਗਿਲਡਫੋਰਡ ਵਿਚ 104 ਐਵੀਨਿਊ 'ਚ ਰੀਅਲ ਕੈਨੇਡੀਅਨ ਸੁਪਰਸਟੋਰ ਤੋਂ ਖਰੀਦੀ ਸੀ। ਜਰਨੈਲ ਖੱਟੜਾ ਜਿਸ ਨੇ ਪਤਨੀ ਮਨਜਿੰਦਰ ਨਾਲ ਇਨਾਮ ਸਾਂਝਾ ਕੀਤਾ ਨੇ ਕਿਹਾ ਕਿ ਇਸ ਸਾਡੀਆਂ ਜ਼ਿੰਦਗੀਆਂ ਬਦਲ ਦੇਵੇਗਾ। ਇਕ ਮਹੀਨੇ ਤੋਂ ਵੀ ਜ਼ਿਆਦਾ ਸਮੇਂ ਪਿੱਛੋਂ ਜਰਨੈਲ ਨੇ ਕੰਮ ਤੋਂ ਘਰ ਨੂੰ ਵਾਪਸ ਜਾਂਦੇ ਸਮੇਂ ਇਕ ਗੈਸ ਸਟੇਸ਼ਨ 'ਤੇ ਪਹੁੰਚ ਕੇ ਟਿਕਟ ਨੂੰ ਚੈੱਕ ਕੀਤਾ ਜਿਹੜਾ ਉਸ ਨੇ ਤੇ ਪਤਨੀ ਨੇ ਇਕੱਠਿਆਂ ਖਰੀਦੀ ਸੀ। ਜਰਨੈਲ ਸਿੰਘ ਨੇ ਬੀਸੀਐਲਸੀ ਨਿਊਜ਼ ਰਿਲੀਜ਼ ਵਿਚ ਕਿਹਾ ਕਿ ਉਸ ਨੇ ਟਿਕਟ ਨੂੰ 29 ਮਾਰਚ ਨੂੰ ਚੈੱਕ ਕੀਤਾ ਅਤੇ 10 ਲੱਖ ਡਾਲਰ ਦਾ ਇਨਾਮ ਦੇਖਿਆ ਪਰ ਉਸ ਨੂੰ ਇਸ ਦਾ ਵਿਸ਼ਵਾਸ਼ ਨਾ ਹੋਇਆ। ਉਸ ਨੇ ਘਰ ਜਾ ਕੇ ਬੀਸੀਐਲਸੀ ਡਾਟ ਕਾਮ ਦੇਖੀ ਅਤੇ ਜਿੱਤ ਨੂੰ ਯਕੀਨੀ ਬਣਾਉਣ ਲਈ ਸਾਰੇ ਨੰਬਰਾਂ ਦਾ ਦੋ ਵਾਰ ਮਿਲਾਨ ਕੀਤਾ। ਇਹ ਖੁਸ਼ਖਬਰੀ ਉਸ ਨੇ ਸਭ ਤੋਂ ਪਹਿਲਾਂ ਮਨਜਿੰਦਰ ਨੂੰ ਦਿੱਤੀ। ਮਨਜਿੰਦਰ ਨੇ ਕਿਹਾ ਕਿ ਉਸ ਨੂੰ ਇਸ 'ਤੇ ਵਿਸ਼ਵਾਸ਼ ਨਾ ਹੋਇਆ। ਉਹ ਉਸ ਨੂੰ 90 ਦੇ ਦਹਾਕੇ ਵਿਚ ਕੈਨੇਡਾ ਲੈ ਕੇ ਆਈ ਸੀ ਅਤੇ ਜਿਸ ਦਿਨ ਉਸ ਨੂੰ ਪਤਾ ਲੱਗਾ ਉਸ ਦਿਨ ਉਸ ਨੇ ਮੇਰਾ ਧੰਨਵਾਦ ਕੀਤਾ ਅਤੇ ਮੈਨੂੰ ਯਕੀਨ ਨਹੀਂ ਸੀ ਹੋ ਰਿਹਾ ਕਿ ਉਹ ਇਸ ਤਰ੍ਹਾਂ ਕਿਉਂ ਕਹਿ ਰਿਹਾ ਸੀ। ਫਿਰ ਉਸ ਨੇ ਲਾਟਰੀ ਜਿੱਤਣ ਬਾਰੇ ਮੈਨੂੰ ਜਾਣਕਾਰੀ ਦਿੱਤੀ। ਹਾਲ ਦੀ ਘੜੀ ਜੋੜੇ ਕੋਲ ਲੋਟੋ ਜਿੱਤ ਦੇ ਪੈਸੇ ਦੀ ਵਰਤੋਂ ਲਈ ਕੋਈ ਪੱਕੀਆਂ ਯੋਜਨਾਵਾਂ ਨਹੀਂ।

## ਪਤਨੀ ਦੀ ਮੌਤ ਨੂੰ ਲੈ ਕੇ ਵਿਅਕਤੀ ਵਲੋਂ ਐਮਾਜ਼ੋਨ ਤੇ ਡਲਿਵਰੀ ਕੰਪਨੀ ਖਿਲਾਫ ਕੇਸ

ਵੈਨਕੂਵਰ-ਬੀਸੀ ਦਾ ਇਕ ਵਿਅਕਤੀ ਆਪਣੀ ਪਤਨੀ ਦੀ ਮੌਤ ਨੂੰ ਲੈ ਕੇ ਐਮਜ਼ੋਨ ਤੇ ਡਲਿਵਰੀ ਕੰਪਨੀ ਖਿਲਾਫ ਕੇਸ ਕਰ ਰਿਹਾ ਹੈ। ਪਿਛਲੇ ਮਹੀਨੇ ਬੀਸੀ ਅਦਾਲਤ ਵਿਚ ਦਾਇਰ ਕਲੇਮ ਬਿਆਨ ਮੁਤਾਬਿਕ 2020 ਵਿਚ ਸਰਦੀਆਂ ਦੀ ਛੁੱਟੀਆਂ ਤੋਂ ਕੁਝ ਦਿਨ ਪਹਿਲਾਂ ਪਰਮਜੀਤ ਕੌਰ ਮਸੂਤਾ ਆਪਣੀਆਂ ਅੱਠ ਸਾਲਾਂ ਦੀਆਂ ਦੋ ਜੋੜੀਆਂ ਧੀਆਂ ਨੂੰ ਸਕੂਲ ਤੋਂ ਘਰ ਲੈ ਕੇ ਜਾ ਰਹੀ ਸੀ ਤਾਂ ਬੇਕਾਬੂ ਡਲਿਵਰੀ ਵੈਨ ਨੇ ਉਸ ਨੂੰ ਟੱਕਰ ਮਾਰ ਦਿੱਤੀ ਜਿਸ ਨਾਲ ਉਸ ਦੀ ਮੌਤ ਹੋ ਗਈ। 47 ਸਾਲਾ ਪਤੀ ਤੇ ਧੀਆਂ ਹੁਣ ਐਮਾਜ਼ੋਨ, ਡਰਾਈਵਰ, ਤੀਸਰੀ ਧਿਰ ਡਲਿਵਰੀ ਕੰਪਨੀ ਜਿਹੜੀ ਐਮਾਜ਼ੋਨ ਲਈ ਕੰਮ ਕਰਦੀ ਹੈ ਖਿਲਾਫ ਕੇਸ ਕਰ ਰਹੇ ਹਨ।

## ਪੁਲਿਸ ਨੇ ਨਸ਼ੀਲੇ ਪਦਾਰਥ ਤੇ ਬੰਦੂਕਾਂ ਜ਼ਬਤ ਕੀਤੀਆਂ

ਸਰੀ-ਸਰੀ ਪੁਲਿਸ ਨੇ ਡਰੱਗ ਲੈਬਾਰੇਟਰੀ ਲਈ ਥਾਂ ਬਣਾਉਣ ਲਈ ਇਕ ਕਮਜ਼ੋਰ ਵਿਅਕਤੀ ਨੂੰ ਅਪਾਰਟਮੈਂਟ ਵਿਚੋਂ ਕੱਢੇ ਜਾਣ ਪਿੱਛੋਂ ਸ਼ੱਕੀ ਮੇਥਮਫੇਟਾਮਾਈਨ 1.8 ਕਿਲੋਗ੍ਰਾਮ, 93 ਗ੍ਰਾਮ ਕੋਕੀਨ, 170 ਗ੍ਰਾਮ ਐਮਡੀਐਮਏ, 30 ਗ੍ਰਾਮ ਸ਼ੱਕੀ ਕਰੈਕ ਕੋਕੀਨ ਅਤੇ 90 ਗ੍ਰਾਮ ਸ਼ੱਕੀ ਫੇਂਟਾਨਿਲ ਬਰਾਮਦ ਕੀਤੀ ਹੈ। ਪੁਲਿਸ ਨੂੰ ਇਹ ਸੂਚਨਾ ਮਿਲੀ ਸੀ ਕਿ ਇਕ ਚੋਰੀ ਛਿਪੇ ਡਰੱਗ ਲੈਬਾਰੇਟਰੀ ਬਣਾਉਣ ਲਈ ਗਿਲਡਫੋਰਡ ਵਿਚ ਇਕ ਕਮਜ਼ੋਰ ਵਿਅਕਤੀ ਨੂੰ ਉਸ ਦੇ ਅਪਾਰਟਮੈਂਟ ਵਿਚੋਂ ਕੱਢ ਦਿੱਤਾ ਗਿਆ ਹੈ। ਜਾਂਚ ਪਿੱਛੋਂ ਸਰੀ ਆਰਸੀਐਮਪੀ ਨੇ 101 ਐਵੀਨਿਊ ਦੇ 15000 ਬਲਾਕ ਵਿਚ ਇਕ ਅਪਾਰਟਮੈਂਟ ਵਿਚ ਤਲਾਸ਼ੀ ਲਈ ਵਾਰੰਟ ਪ੍ਰਾਪਤ ਕੀਤੇ। 9 ਅਪ੍ਰੈਲ ਨੂੰ ਤਲਾਸ਼ੀ ਦੌਰਾਨ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਵੱਡੀ ਮਾਤਰਾ ਵਿਚ ਨਸ਼ੀਲੇ ਪਦਾਰਥ, ਦੋ ਬੰਦੂਕਾਂ ਅਤੇ ਅਸਲਾ, ਪੰਜ ਜਾਅਲੀ ਬੰਦੂਕਾਂ ਅਤੇ ਕਈ ਮੋਬਾਈਲ ਫੋਨਾਂ ਸਮੇਤ ਡਰੱਗ ਵਪਾਰ ਨਾਲ ਸਬੰਧਤ ਸਾਜ਼ੋ-ਸਾਮਾਨ ਬਰਾਮਦ ਕੀਤਾ ਗਿਆ। ਅਜੇ ਕੋਈ ਦੋਸ਼ ਨਹੀਂ ਲਗਾਇਆ ਗਿਆ ਕਿਉਂਕਿ ਅਜੇ ਜਾਂਚ ਚਲ ਰਹੀ ਹੈ।

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

604-594-0616

# ਸਰਕਾਰ ਚਲਾਉਣਾ ਆਪ ਦੇ ਵੱਸ ਦਾ ਰੋਗ ਨਹੀਂ-ਨਵਜੋਤ ਸਿੱਧੂ

## ਰਾਜਪਾਲ ਨੂੰ ਸੂਬੇ ਦੀ ਅਮਨ ਕਨੂੰਨ ਦੀ ਸਥਿਤੀ ਬਾਰੇ ਯਾਦ ਪੱਤਰ ਦਿੱਤਾ

ਚੰਡੀਗੜ੍ਹ-ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਨੇ ਕਿਹਾ ਕਿ ਸੂਬੇ ਵਿੱਚ ਸਰਕਾਰ ਚਲਾਉਣਾ 'ਆਪ' ਦੇ ਵੱਸ ਦਾ ਰੋਗ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ 'ਦਿੱਲੀ ਮਾਡਲ' ਨਹੀਂ ਚੱਲੇਗਾ। ਸਿੱਧੂ ਅੱਜ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਵੀ ਮਿਲੇ। ਉਨ੍ਹਾਂ ਰਾਜਪਾਲ ਨੂੰ ਸੌਂਪੇ ਮੈਮੋਰੰਡਮ ਵਿਚ ਸੂਬੇ ਵਿਚ ਵਿਗੜ ਰਹੀ ਅਮਨ-ਕਾਨੂੰਨ ਦੀ ਵਿਵਸਥਾ, ਬਿਜਲੀ ਸੰਕਟ ਅਤੇ ਪੁਲੀਸ ਦੇ ਰਾਜਸੀਕਰਨ ਦੇ ਮਾਮਲੇ ਨੂੰ ਪ੍ਰਮੁੱਖਤਾ ਨਾਲ ਉਭਾਰਿਆ। ਇਸ ਮੌਕੇ ਉਨ੍ਹਾਂ ਨਾਲ ਸਾਬਕਾ ਚੇਅਰਮੈਨ ਅਸ਼ਵਨੀ ਸੇਖੜੀ ਅਤੇ ਸਾਬਕਾ ਵਿਧਾਇਕ ਨਵਤੇਜ ਚੀਮਾ ਵੀ ਮੌਜੂਦ ਸਨ। ਕਰੀਬ 15 ਮਿੰਟ ਚੱਲੀ ਮੀਟਿੰਗ ਦੌਰਾਨ ਨਵਜੋਤ ਸਿੱਧੂ ਨੇ ਪੰਜਾਬ ਦੇ ਮੌਜੂਦਾ ਹਾਲਾਤ 'ਤੇ ਚਰਚਾ ਕੀਤੀ। ਇਸ ਦੌਰਾਨ ਸਿੱਧੂ ਦੇ ਨਿਸ਼ਾਨੇ 'ਤੇ 'ਆਪ' ਸਰਕਾਰ ਰਹੀ ਅਤੇ ਸਰਕਾਰ ਵੱਲੋਂ ਚੁੱਕੇ ਗਏ ਕਦਮਾਂ ਦੀ ਆਲੋਚਨਾ ਕੀਤੀ ਗਈ। ਨਵਜੋਤ ਸਿੱਧੂ ਨੇ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਵਿਚ ਅਮਨ-ਕਾਨੂੰਨ ਦੀ ਵਿਵਸਥਾ ਵਿਗੜ ਰਹੀ ਹੈ। ਹੁਣ ਤੱਕ ਕਰੀਬ 40 ਕਤਲ ਹੋ ਚੁੱਕੇ ਹਨ ਅਤੇ ਲੋਕਾਂ ਵਿਚ ਭੈਅ ਦਾ ਮਾਹੌਲ ਹੈ। 'ਆਪ' ਨੇ ਪੰਜਾਬ ਦੇ ਲੋਕਾਂ ਨੂੰ ਝੂਠੇ ਸੁਪਨੇ ਦਿਖਾਏ ਸਨ, ਜਦੋਂ ਕਿ ਹਕੀਕਤ ਵਿਚ ਕੁਝ ਵੀ ਨਹੀਂ ਹੈ। ਸਿੱਧੂ ਨੇ ਕਿਹਾ ਕਿ ਪੰਜਾਬ ਵਿਚ ਲੋਕ ਸੁਰੱਖਿਅਤ ਨਹੀਂ ਹੈ ਅਤੇ ਲੋਕਾਂ ਦੀ ਜਾਨ ਮਾਲ ਨੂੰ ਵੱਡਾ ਖ਼ਤਰਾ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਪੰਜਾਬ ਪੁਲੀਸ ਦਾ ਵੀ ਰਾਜਸੀਕਰਨ ਕਰ ਦਿੱਤਾ ਹੈ ਅਤੇ ਸਰਕਾਰ 'ਬਦਲਾਅ' ਦੀ ਥਾਂ 'ਬਦਲੇ ਦੀ ਭਾਵਨਾ' ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲੀਸ ਦਾ ਅਲਕਾ ਲਾਂਬਾ ਅਤੇ ਕੁਮਾਰ ਵਿਸ਼ਵਾਸ ਦੇ ਦਰ 'ਤੇ ਪੁੱਜਣਾ ਇਸ ਦੀ ਪ੍ਰਤੱਖ ਮਿਸਾਲ ਹੈ। ਨਵਜੋਤ ਸਿੱਧੂ ਨੇ ਕਿਹਾ ਕਿ ਪੰਜਾਬ ਵਿਚ ਅੱਗੇ ਵੱਡਾ ਬਿਜਲੀ ਸੰਕਟ ਆ ਰਿਹਾ ਹੈ ਅਤੇ ਕਿਸਾਨ ਕਣਕ ਦੇ ਘਟੇ ਝਾੜ ਕਾਰਨ ਪ੍ਰੇਸ਼ਾਨ ਹਨ। ਉਨ੍ਹਾਂ ਮੰਗ ਕੀਤੀ ਕਿ ਕਿਸਾਨਾਂ ਲਈ ਸਰਕਾਰ 500 ਰੁਪਏ ਪ੍ਰਤੀ ਕੁਇੰਟਲ ਦਾ ਬੋਨਸ ਐਲਾਨੇ। ਦਰਿਆਈ ਪਾਣੀਆਂ ਦੇ ਮੁੱਦੇ 'ਤੇ ਨਵਜੋਤ ਸਿੱਧੂ ਨੇ ਕਿਹਾ ਕਿ ਅਗਰ ਸਰਕਾਰ ਵਿਚ ਹਿੰਮਤ ਹੈ ਤਾਂ ਪਾਣੀ ਦੇ ਕੇ ਦਿਖਾਵੇ, ਉਹ ਪਾਣੀ ਦੂਸਰੇ ਸੂਬੇ ਨੂੰ ਨਹੀਂ ਜਾਣ ਦੇਣਗੇ। ਉਨ੍ਹਾਂ ਨਾਲ ਕਾਂਗਰਸ 'ਚੋਂ ਕੱਢੇ ਸਾਬਕਾ ਵਿਧਾਇਕ ਸੁਰਜੀਤ ਸਿੰਘ ਧੀਮਾਨ ਵੀ ਸਨ।




# ਸਾਬਕਾ 'ਆਪ' ਆਗੂ ਕੁਮਾਰ ਵਿਸ਼ਵਾਸ ਖ਼ਿਲਾਫ਼ ਰੂਪਨਗਰ ਥਾਣੇ ਵਿਚ ਕੇਸ ਦਰਜ

ਰੂਪਨਗਰ -ਐੱਸਐੱਸਪੀ ਸੰਦੀਪ ਗਰਗ ਨੇ ਕੁਮਾਰ ਵਿਸ਼ਵਾਸ ਖਿਲਾਫ਼ ਕੇਸ ਦਰਜ ਕੀਤੇ ਜਾਣ ਦੀ ਪੁਸ਼ਟੀ ਕਰਦਿਆਂ ਕਿਹਾ, "ਅਸੀਂ ਕੁਮਾਰ ਵਿਸ਼ਵਾਸ ਖਿਲਾਫ਼ ਕਾਨੂੰਨ ਵਿਚਲੀਆਂ ਸਬੰਧਤ ਵਿਵਸਥਾਵਾਂ ਤਹਿਤ ਕੇਸ ਦਰਜ ਕੀਤਾ ਹੈ।" ਉਧਰ ਐੱਸਪੀ ਹਰਬੀਰ ਸਿੰਘ ਅਟਵਾਲ ਨੇ ਦੱਸਿਆ ਕਿ ਪੁਲੀਸ ਨੂੰ ਇਕ ਵਿਅਕਤੀ ਵੱਲੋਂ ਸ਼ਿਕਾਇਤ ਮਿਲੀ ਸੀ ਕਿ ਉਹ ਆਮ ਆਦਮੀ ਪਾਰਟੀ ਦੇ ਹਮਾਇਤੀਆਂ ਨਾਲ ਪਿੰਡਾਂ ਵਿੱਚ ਲੋਕਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਘੁੰਮ ਰਿਹਾ ਸੀ। ਇਸ ਦੌਰਾਨ ਕੁਝ ਅਣਪਛਾਤੇ ਨਕਾਬਪੋਸ਼ ਵਿਅਕਤੀਆਂ ਨੇ ਉਨ੍ਹਾਂ ਨੂੰ ਰੋਕ ਕੇ 'ਖਾਲਿਸਤਾਨੀ' ਕਿਹਾ। ਸ਼ਿਕਾਇਤਕਰਤਾ ਨੇ ਦਾਅਵਾ ਕੀਤਾ ਕਿ ਕੁਮਾਰ ਵਿਸ਼ਵਾਸ ਦੇ ਉਪਰੋਕਤ ਭੜਕਾਊ ਬਿਆਨਾਂ ਮਗਰੋਂ ਅਜਿਹੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ। ਐੱਸਪੀ ਨੇ ਕਿਹਾ ਕਿ ਸ਼ਿਕਾਇਤ ਦੇ ਆਧਾਰ 'ਤੇ ਆਈਪੀਸੀ ਤੇ ਲੋਕ ਨੁਮਾਇੰਦਗੀ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ। ਪੁਲੀਸ ਨੇ ਕਿਹਾ ਕਿ ਕੁਮਾਰ ਵਿਸ਼ਵਾਸ ਦੇ ਉਪਰੋਕਤ ਬਿਆਨਾਂ ਤੇ ਵੀਡੀਓਜ਼ ਨਾਲ ਪੰਜਾਬ ਦਾ ਸ਼ਾਂਤਪੂਰਨ ਮਾਹੌਲ ਖਰਾਬ ਹੋਣ ਦੇ ਆਸਾਰ ਹਨ। ਲਿਹਾਜ਼ਾ ਕੁਮਾਰ ਦੀ ਗਾਜ਼ੀਆਬਾਦ ਸਥਿਤ ਰਿਹਾਇਸ਼ ਦੇ ਬਾਹਰ ਨੋਟਿਸ ਚਸਪਾ ਕਰਕੇ ਉਸ ਨੂੰ ਆਪਣੇ ਵੱਲੋਂ ਲਾਏ ਦੋਸ਼ਾਂ ਸਬੰਧੀ ਸਬੂਤ ਪੇਸ਼ ਕਰਨ ਲਈ ਕਿਹਾ ਗਿਆ ਹੈ। ਰੂਪਨਗਰ ਪੁਲੀਸ ਨੇ ਮਗਰੋਂ ਅਜਿਹਾ ਹੀ ਇਕ ਨੋਟਿਸ ਕਾਂਗਰਸ ਆਗੂ ਅਲਕਾ ਲਾਂਬਾ ਦੇ ਦਿੱਲੀ ਸਥਿਤ ਘਰ ਦੀ ਦੀਵਾਰ 'ਤੇ ਵੀ ਚਸਪਾ ਕੀਤਾ ਹੈ। ਲਾਂਬਾ ਨੂੰ ਜਾਰੀ ਨੋਟਿਸ ਵਿੱਚ ਸਵਾਲ ਕੀਤਾ ਗਿਆ ਹੈ ਕਿ ਉਸ ਨੇ ਕਿਸ ਆਧਾਰ 'ਤੇ ਕੁਮਾਰ ਵਿਸ਼ਵਾਸ ਦੇ ਉਪਰੋਕਤ ਬਿਆਨ ਦੀ ਹਮਾਇਤ ਕੀਤੀ।

# ਪ੍ਰਧਾਨ ਮੰਤਰੀ ਨੇ ਯੂਕਰੇਨ ਨੂੰ ਭਾਰੀ ਤੋਪਖਾਨਾ ਭੇਜਣ ਨਾਲ ਜੁੜੇ ਵੇਰਵਿਆਂ ਬਾਰੇ ਚੁੱਪ ਧਾਰੀ

ਸਫ਼ਾ 1 ਦੀ ਬਾਕੀ

ਨਾਲ ਲੈਸ ਕਰਨ ਨੂੰ ਯਕੀਨੀ ਬਣਾਉਣ ਦੀ ਗੱਲ ਵਿਚਾਰ ਅਧੀਨ ਹੈ। ਯੂਕਰੇਨੀ ਐਮਪੀ ਲੇਸੀਆ ਵੈਸੀਲੇਨਕੋ ਨੇ ਮੰਗਲਵਾਰ ਟਵੀਟ ਕਰਦਿਆਂ ਕਿਹਾ ਕਿ ਅਮਰੀਕਾ, ਕੈਨੇਡਾ ਤੇ ਦੂਸਰੇ ਸਹਿਯੋਗੀ ਦੇਸ਼ਾਂ ਤੋਂ ਭਾਰੀ ਹਥਿਆਰ ਤੇ ਸੈਨਿਕਾ ਸਹਾਇਤਾ ਪਹੁੰਚਣ ਲਈ ਤਿਆਰ ਹੈ। ਇਸ ਬਾਰੇ ਪੁੱਛੇ ਜਾਣ 'ਤੇ ਟਰੂਡੋ ਨੇ ਕਿਹਾ ਕਿ ਜੰਗ ਦੇ ਸੰਦਰਭ ਵਿਚ ਸੈਨਿਕ ਸਾਜ਼ੋ-ਸਾਮਾਨ ਦੀ ਡਲਿਵਰੀ ਅਜਿਹੀ ਚੀਜ਼ ਹੈ ਜਿਸ ਬਾਰੇ ਸਾਨੂੰ ਥੋੜਾ ਸਾਵਧਾਨ ਰਹਿਣ ਦੀ ਲੋੜ ਹੈ। ਸਰਕਾਰ ਨੇ ਯੂਕਰੇਨ ਨੂੰ ਪੈਸੇ ਤੇ ਮਾਨਵੀ ਸਹਾਇਤਾ ਜਿਸ ਵਿਚ 2022 ਦੇ ਫੈਡਰਲ ਬਜਟ ਵਿਚ 500 ਮਿਲੀਅਨ ਡਾਲਰ ਹੋਰ ਸੈਨਿਕ ਸਹਾਇਤਾ ਲਈ ਰੱਖੇ ਗਏ ਹਨ ਤੋਂ ਇਲਾਵਾ ਘਾਤਕ ਤੇ ਗੈਰਘਾਤਕ ਸਹਾਇਤਾ ਭੇਜਣਾ ਜਾਰੀ ਰੱਖਣ ਦਾ ਵਾਅਦਾ ਕੀਤਾ ਹੈ। ਰੱਖਿਆ ਮੰਤਰੀ ਅਨੀਤਾ ਆਨੰਦ ਦੇ ਦਫਤਰ ਨੇ ਵੀ ਹੋਰ ਵੇਰਵੇ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਇਸ ਦਾ ਬਜਾਏ ਪਿਛਲੇ ਸਮੇਂ ਵਿਚ ਕੈਨੇਡਾ ਵਲੋਂ ਭੇਜੀ ਸੈਨਿਕ ਸਹਾਇਤਾ ਦੀ ਗੱਲ ਦੁਹਰਾ ਦਿੱਤੀ। ਆਨੰਦ ਦੇ ਪ੍ਰੈਸ ਸਕੱਤਰ ਡੇਨੀਅਲ ਮਿੰਡਨ ਨੇ ਕਿਹਾ ਕਿ ਮੌਜੂਦਾ ਸਮੇਂ ਸਾਡੇ ਕੋਲ ਦੱਸਣ ਲਈ ਹੋਰ ਕੁਝ ਨਹੀਂ। ਹੋਰ ਵੇਰਵੇ ਆਉਣ ਵਾਲੇ ਦਿਨਾਂ ਵਿਚ ਉਪਲਬਧ ਹੋਣਗੇ।












# ਸਰੀ ਬੋਰਡ ਆਫ ਟਰੇਡ ਵੱਲੋਂ ਟੌਪ 25 ਅੰਡਰ 25 ਐਵਾਰਡ ਜੇਤੂਆਂ ਦਾ ਸ਼ਾਨਦਾਰ ਸਨਮਾਨ

ਸਰੀ (ਦੇ. ਪ੍. ਬਿ.)-ਬੀਤੀ ਸ਼ਾਮ ਸਰੀ ਬੋਰਡ ਆਫ ਟਰੇਡ ਵਲੋ ਹੋਟਲ ਸ਼ੈਰੇਟਨ ਵਿਖੇ 12ਵੇਂ ਸਲਾਨਾ ਟੌਪ 25 ਅੰਡਰ 25 ਐਵਾਰਡ ਜੇਤੂ ਬਿਜਨੈਸ ਅਤੇ ਕਮਿਊਨਿਟੀ ਵਿਚ ਸ਼ਾਨਦਾਰ ਸੇਵਾਵਾਂ ਤੇ ਅਗਵਾਈ ਦੇਣ ਵਾਲੇ ਨੌਜਵਾਨਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੰਚ ਸੰਚਾਲਨ ਕਰਦਿਆਂ ਸਰੀ ਬੋਰਡ ਆਫ ਟਰੇਡ ਦੀ ਪ੍ਰਧਾਨ ਅਨੀਤਾ ਹੁਬੈਰਮੈਨ ਨੇ ਮੁੱਖ ਮਹਿਮਾਨ ਵਜੋ ਸਾਬਕਾ ਮੰਤਰੀ ਤੇ ਐਮ ਐਲ ਏ ਜਿੰਨੀ ਸਿਮਜ਼, ਕੌਂਸਲਰ ਬਰੈਂਡਾ ਲੌਕ, ਸਕੂਲ ਟਰੱਸਟੀ ਗੈਰੀ ਥਿੰਦ ਤੇ ਹੋਰ ਸ਼ਖਸੀਅਤਾਂ ਨੂੰ ਸੱਦਾ ਦਿੱਤਾ।ਰਾਈਡ ਸਾਈਕਲ ਕਲੱਬ ਦੀ ਡਾਇਰੈਕਟਰ ਵਿਨ ਮੂਡੀ ਨੇ ਕੁੰਜੀਵਤ ਭਾਸ਼ਨ ਤੇ ਲੈਫਨੀਨੈਂਟ ਕਮਾਂਡਰ ਕਾਇਲਾ ਬੂਚਾਰਡ ਨੇ ਆਪਣੇ ਭਾਸ਼ਨ ਵਿਚ ਨੌਜਵਾਨ ਲੀਡਰਾਂ ਨੂੰ ਐਵਾਰਡ ਪ੍ਰਾਪਤੀ ਲਈ ਵਧਾਈ ਦਿੰਦਿਆਂ ਜਿੰਦਗੀ ਅਤੇ ਸਮਾਜ ਲਈ ਬੇਹਤਰਨ ਕਰਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਐਵਾਰਡ ਜੇਤੂ ਨੌਜਵਾਨਾਂ-ਮੁਹੰਮਦ ਸ਼ੇਖ ਅਦਬੀਰ, ਅਰਨਵ ਦਾਦਾ (ਸਪਾਰਕ ਫਾਊਂਡੇਸ਼ਨ), ਓਵਨ ਦੇਵਨਪੋਰਟ, ਅਮਨਦੀਪ ਧਨੋਆ, ਮਨਪ੍ਰੀਤ ਢੇਸੀ, ਕਰਮਿਨ ਢੀਂਡਸਾ, ਵੈਨਜਾ ਫਜ਼ਲਮਸੀ, ਓਮਰ ਫਰਾਜ਼, ਅਰਸ਼ ਗਿੱਲ (ਐਸ ਐਫ ਯੂ) , ਡੈਨੀਅਲ ਇਸਟੀਫੈਨਸ, ਜਸ਼ਨਦੀਪ ਜੱਸਲ, ਮਨਰਾਜ ਜੌਹਲ (ਕਿਡਜ ਪਲੇਅ), ਸੰਜਨਾ ਕਾਰਤਿਕ, ਸਾਹਲ ਖਲ਼ਕ, ਜੈਸਿਕਾ ਕੂਲਾ, ਗੁਰਇਕ ਮਾਂਗਟ, ਨਤਾਸ਼ਾ ਮੁਨਰੀਰੋ, ਮਹੀਮ ਨਾਗਰਾ (ਕਿਡਜ ਪਲੇਅ), ਵਜੀਤਾ ਰਹਿਮਾਨ, ਸਮਰ ਰਿਹਾਨੀ, ਅਵਨੀਤ ਸੰਧੂ, ਕਰਮਬੀਰ ਸਿੰਘ, ਗੁਰਬਾਜ਼ ਸਿੰਘ ਗਰੇਵਾਲ (ਰੈਡ ਐਫ ਐਮ), ਸੁਹੇਲ ਸੋਢੀ, ਤੇ ਸਬਰੀਨਾ ਯੀ ਨੂੰ ਯਾਦਗਾਰੀ ਚਿੰਨ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਿਡਜ ਪਲੇਅ ਫਾਊਂਡੇਸ਼ਨ ਦੇ ਬਾਨੀ ਕੈਲ ਦੁਸਾਂਝ ਨੇ ਕਿਡਜ ਪਲੇਅ ਨਾਲ ਜੁੜੇ ਬੱਚਿਆਂ ਤੇ ਹੋਰਾਂ ਨੂੰ ਐਵਾਰਡ ਪ੍ਰਾਪਤੀ ਲਈ ਵਧਾਈਆਂ ਦਿੱਤੀਆਂ ਤੇ ਸਮਾਜ ਵਿਚ ਬਣਦਾ ਯੋਗਦਾਨ ਪਾਉਣ ਦੀ ਪ੍ਰੇਰਨਾ ਦਿੱਤੀ।

## ਕਰਨਵੀਰ ਸਹੋਤਾ ਨੂੰ ਪਿਆਰੇ ਬੱਚੇ ਵਜੋਂ ਯਾਦ ਕਰ ਰਹੇ ਹਨ ਪਰਿਵਾਰਕ ਮੈਂਬਰ

ਐਡਮਿੰਟਨ-ਕਿਸ਼ੋਰ ਕਰਨਵੀਰ ਸਹੋਤਾ ਜਿਸ ਨੂੰ ਉਸ ਦੇ ਹਾਈ ਸਕੂਲ ਦੇ ਬਾਹਰ ਹਮਲਾ ਕਰਕੇ ਗੰਭੀਰ ਜ਼ਖ਼ਮੀ ਕਰ ਦਿੱਤਾ ਅਤੇ ਜਿਸ ਦੀ ਬਾਅਦ ਵਿਚ ਹਸਪਤਾਲ ਵਿਚ ਮੌਤ ਹੋ ਗਈ ਸੀ ਦਾ ਪਰਿਵਾਰ ਉਸ ਨੂੰ ਮਜ਼ਾਕੀਆ, ਇਕ ਦਿਲਚਸਪ ਵਿਅਕਤੀ ਅਤੇ ਪਿਆਰ ਕਰਨ ਵਾਲੇ ਪਰਿਵਾਰਕ ਮੈਂਬਰ ਵਜੋਂ ਯਾਦ ਕਰ ਰਿਹਾ ਹੈ। ਹਸਪਤਾਲ ਵਿਚ ਇਕ ਹਫ਼ਤਾ ਦਾਖਲ ਰਹਿਣ



ਪਿੱਛੋਂ 16 ਸਾਲਾ ਸਹੋਤਾ ਦੀ ਸੱਟਾਂ ਕਾਰਨ ਮੌਤ ਹੋ ਗਈ। ਉਸ ਦੀ ਰਿਸ਼ਤੇਦਾਰ ਮੋਨਿਕਾ ਬਿਨਸ ਨੇ ਦੱਸਿਆ ਕਿ ਉਸ ਨੂੰ ਪਿਆਰ ਨਾਲ ਕਰਨ ਵਜੋਂ ਜਾਣਿਆਂ ਜਾਂਦਾ ਸੀ ਅਤੇ ਉਹ ਪਰਿਵਾਰ ਵਿਚ ਦੂਸਰਾ ਸਭ ਤੋਂ ਛੋਟਾ ਮੈਂਬਰ ਸੀ ਜਿਹੜਾ ਸੰਗੀਤ ਅਤੇ ਬਾਸਕਿਟਬਾਲ ਖੇਡਣਾ ਪਸੰਦ ਕਰਦਾ ਸੀ। ਮੋਨਿਕਾ ਬਿਨਸ ਨੇ ਕਿਹਾ ਕਿ ਸਾਡਾ ਪਰਿਵਾਰ ਬਰਬਾਦ ਹੋ ਗਿਆ ਹੈ। ਬਿਨਸ ਨੇ ਦੱਸਿਆ ਕਿ ਸਹੋਤਾ 8 ਅਪ੍ਰੈਲ ਨੂੰ ਮੈਕਨੈਲੀ ਹਾਈ ਸਕੂਲ ਦੇ ਬਾਹਰ ਬੱਸ ਅੱਡੇ 'ਤੇ ਮੌਜੂਦ ਸੀ ਜਦੋਂ ਕਈ ਨੌਜਵਾਨਾਂ ਨੇ ਉਸ 'ਤੇ ਹਮਲਾ ਕਰ ਦਿੱਤਾ। ਇਕ ਹੋਰ ਰਿਸ਼ਤੇਦਾਰ ਸ਼ਿਵਲੀਨ ਸਿੱਧੂ ਨੇ ਦੱਸਿਆ ਕਿ ਉਨ੍ਹਾਂ ਨੇ ਉਸ ਦੀ ਕਾਫੀ ਕੁੱਟਮਾਰ ਕੀਤੀ ਅਤੇ ਉਸ ਦੇ ਮੁੱਖ ਅੰਗਾਂ 'ਤੇ ਚਾਕੂ ਮਾਰੇ। ਐਡਮਿੰਟਨ ਪੁਲਿਸ ਸਰਵਿਸ ਨੇ ਦੱਸਿਆ ਕਿ ਕਈ ਸ਼ੱਕੀ ਨੌਜਵਾਨਾਂ ਦੀ ਪਛਾਣ ਕੀਤੀ ਗਈ ਹੈ ਅਤੇ ਜਾਂਚ ਦੇ ਬਾਰੇ ਹੋਰ ਜਾਣਕਾਰੀ ਮਿਲਣ ਵਾਲੀ ਹੈ।

**Injured in an accident?**

**ICBC claim?**

**We can help.**

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call Mandeep Randhawa today.

604-449-7500

RM TRIAL LAWYERS
MANDEEP RANDHAWA LAW CORPORATION

PERSONAL INJURY LAWYERS
T 604-449-7500 F 604-449-7501
mrandhawa@rmlawyers.ca www.rmlawyers.ca
205-7134 King George Boulevard, Surrey, BC V3W 5A3

*We Can Help You Sell Your House!*
**Satvir Cheema**
**604-240-9148**

CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca

PUNJAB LINK
# ਪੰਜਾਬ ਲਿੰਕ
ਸ਼ਨਿਚਰਵਾਰ, 23 ਅਪ੍ਰੈਲ, 2022
ਰਿਅਲ ਅਸਟੇਟ | REAL ESTATE
www.punjablinkpaper.com 604-503-5465

*For All Your Real Estate Needs*
**Amrik Cheema**
*PREC
**604-369-7000**
CENTURY 21 Coastal Realty Ltd.
#105-7928 128th St., Surrey, BC, V3W 4E8

info@amrikcheema.com

# ਮੌਰਟਗੇਜ਼ ਬਰੋਕਰ ਸ਼ਰਨਜੀਤ ਗਿੱਲ ਤੇ ਉਹਨਾਂ ਦੀ ਟੀਮ ਕੈਨੇਡਾ ਭਰ 'ਚੋਂ 26ਵੇਂ ਸਥਾਨ 'ਤੇ

ਸਰੀ-ਇੰਡੋ-ਕੈਨੇਡੀਅਨ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ ਕਿ ਕੈਨੇਡੀਅਨ ਮੋਰਟਗੇਜ ਪ੍ਰੋਫੈਸ਼ਨਲ (ਸੀਐਮਪੀ) ਵਲੋਂ ਸਾਲ 2022 ਵਿਚ ਚੁਣੇ ਗਏ ਬੇਹਤਰੀਨ ਮੌਰਟਗੇਜ਼ ਬਰੋਕਰਾਂ ਚੋ ਮੋਰਟਗੇਜ ਬ੍ਰੋਕਰ ਸ਼ਰਨਜੀਤ ਸਿੰਘ ਗਿੱਲ ਅਤੇ ਵੇਰੀਕੋ ਸੁਪੀਰੀਅਰ ਮੋਰਟਗੇਜ ਦੀ ਟੀਮ ਨੂੰ ਪੂਰੇ ਕੈਨੇਡਾ ਵਿੱਚ CMP ਟਾਪ 75 ਮੋਰਟਗੇਜ ਬ੍ਰੋਕਰਾਂ ਵਿੱਚੋਂ 26ਵਾਂ ਸਥਾਨ ਮਿਲਿਆ ਹੈ। ਟੀਮ ਦੇ ਇੱਕ ਹੋਰ ਮੈਂਬਰ ਸੰਨੀ ਬੱਲ ਨੂੰ 23 ਸਾਲ ਦੀ ਛੋਟੀ ਉਮਰ ਵਿੱਚ CMP ਦਾ ਅਵਾਰਡ ਰਾਈਜ਼ਿੰਗ ਸਟਾਰ 2021 ਮਿਲਿਆ ਹੈ। ਸ਼ਰਨਜੀਤ ਗਿੱਲ ਅਤੇ ਉਨ੍ਹਾਂ ਦੀ ਟੀਮ ਲਗਾਤਾਰ ਪਿਛਲੇ 12 ਸਾਲਾਂ ਤੋਂ ਲਗਾਤਾਰ ਇਹ ਅਵਾਰਡ ਪ੍ਰਾਪਤ ਕਰ ਰਹੀ ਹੈ। ਸ ਸ਼ਰਨਜੀਤ ਗਿੱਲ ਦਾ ਕਹਿਣਾ ਹੈ ਕਿ ਸਾਡੀ ਟੀਮ ਹਮੇਸ਼ਾ ਉਹੀ ਕਰਦੀ ਹੈ ਜੋ ਸਾਡੇ ਗਾਹਕਾਂ ਲਈ ਸਹੀ ਹੈ ਅਤੇ ਅਸੀਂ ਸਾਡੀਆਂ ਸੇਵਾਵਾਂ ਨੂੰ ਮਹੱਤਵ ਦਿੰਦੇ ਹਾਂ। ਇਮਾਨਦਾਰੀ ਅਤੇ ਸਖ਼ਤ ਮਿਹਨਤ ਟਰੱਸਟ ਬਣਾਉਣ ਲਈ ਲੰਮਾ ਸਫ਼ਰ ਤੈਅ ਕਰਦੀ ਹੈ। ਸਾਲ ਦਰ ਸਾਲ ਸਿਖਰ 'ਤੇ ਬਣੇ ਰਹਿਣਾ ਕਾਫੀ ਚੁਣੌਤੀਪੂਰਨ ਹੈ। ਪਰ ਅਸੀਂ ਇਕਸਾਰ ਰਹਿਣ ਲਈ ਸਖ਼ਤ ਮਿਹਨਤ ਕਰਦੇ ਹਾਂ। ਅਸੀਂ ਆਪਣੇ ਕਾਰੋਬਾਰ ਦਾ 85% ਰੀਪੀਟ ਗਾਹਕਾਂ ਤੋਂ ਪ੍ਰਾਪਤ ਕਰਦੇ ਹਾਂ। ਭਾਰਤ ਵਿੱਚ UCO ਬੈਂਕ ਵਿੱਚ ਇੱਕ ਸੀਨੀਅਰ ਮੈਨੇਜਰ ਰਹੇ ਗਿੱਲ ਨੇ 1995 ਵਿੱਚ ਕੈਨੇਡਾ ਪਰਵਾਸ ਕੀਤਾ। ਉਹ 1996 ਵਿੱਚ ਬੈਂਕ ਆਫ ਮਾਂਟਰੀਅਲ ਵਿੱਚ ਮੈਨੇਜਰ ਬਣਨ ਵਾਲੇ ਪਹਿਲੇ ਦਸਤਾਰਧਾਰੀ ਸਿੱਖ ਸਨ । ਉੱਥੇ 5 ਸਾਲ ਕੰਮ ਕਰਨ ਤੋਂ ਬਾਅਦ, ਉਹਨਾਂ 2001 ਵਿੱਚ ਆਪਣੀਆਂ ਮੌਰਗੇਜ ਸੇਵਾਵਾਂ ਸ਼ੁਰੂ ਕਰਨਾ ਦਾ ਫੈਸਲਾ ਲਿਆ। ਦੋ ਸਾਲਾਂ ਦੇ ਅੰਦਰ, ਪਿਤਾ ਅਤੇ ਪੁੱਤਰ ਦੀ ਜੋੜੀ ਨੇ ਵੱਖ-ਵੱਖ ਕਰੈਡਿਟ ਯੂਨੀਅਨਾਂ ਦੇ ਨਾਲ ਚੋਟੀ ਦੇ ਮੋਰਟਗੇਜ ਬ੍ਰੋਕਰ ਬਣ ਗਏ। ਉਹ ਸਾਲ 2015 ਅਤੇ 2016 ਲਈ ਵੱਧ ਤੋਂ ਵੱਧ ਮੌਰਗੇਜ ਫੰਡ ਲਈ ਕ੍ਰੈਡਿਟ ਯੂਨੀਅਨ ਦੇ ਨਾਲ ਨੰਬਰ ਇੱਕ ਸੀ।




**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY LAW CORPORATION

www.hughesco.com CEDRIC HUGHES
**604.602.1828**
*HEAD OFFICE:*
**VANCOUVER**
**505-777 W. BROADWAY**

SUNNY SANGHA • PERSONAL REAL ESTATE CORPORATION

**14317 31A AVENUE**




**$4,488,000**

Architectural elegance at its finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call us now to book your private showing!

**9858 HUCKLEBERRY DRIVE**




Welcome to Fraser Height's newest sub-division. This 3684 sqft lot is ready to build, the plans should be ready to pick up from the city in a few weeks. The home will include 7 bedrooms 6 bathrooms with a media room and a bar area for your own use downstairs. The total square footage for the home will be 3922 plus a garage. Call now to get more info.


Sunny Sangha
**604-356-5555**

SUNNY SANGHA Personal Real Estate Corporation
CENTURY 21 Coastal Realty Ltd.
MLS MEDALLION CLUB MEMBER

Ram Johal
**604-356-5555**


www.sunnysangha.com | info@sunnysangha.com

# ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਵੱਲੋਂ ਵਿਸਾਖੀ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ







ਵੈਨਕੂਵਰ (ਮੰਡੇਰ)-ਬੀਤੇ ਦਿਨ ਖਾਲਸਾ ਦੀਵਾਨ ਸੁਸਾਇਟੀ ਰੌਸ ਸਟਰੀਟ ਵੈਨਕੂਵਰ ਦੁਆਰਾ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਗੁਰੂ ਘਰ ਵਿਖੇ ਸ੍ਰੀ ਆਖੰਠ ਪਾਠ ਸਾਹਿਬ ਦੇ ਭੋਗ ਪਾਏ ਗਏ ਦੇ ਦੀਵਾਨ ਸਜਾਏ ਗਏ। ਇਸ ਮੌਕੇ ਜਿਥੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ ਉਥੋ ਵੱਖ ਵੱਖ ਸਿਆਸੀ, ਧਾਰਮਿਕ ਤੇ ਸਮਾਜਿਕ ਆਗੂਆਂ ਨੇ ਗੁਰੂ ਘਰ ਪੁੱਜੇਕੇ ਸੰਗਤਾਂ ਨੂੰ ਵਿਸਾਖੀ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ। ਪ੍ਰਮੁੱਖ ਆਗੂਆਂ ਵਿਚ ਲਿਬਰਲ ਐਮ ਪੀ ਤੇ ਮੰਤਰੀ ਸ ਹਰਜੀਤ ਸਿੰਘ ਸੱਜਣ, ਐਮ ਪੀ ਸੁੱਖ ਧਾਲੀਵਾਲ, ਐਮ ਪੀ ਰਣਦੀਪ ਸਿੰਘ ਸਰਾਏ, ਕੈਰੀ ਲਿਨ ਫਿੰਡਲੇ ਕੰਸਰਵੇਟਿਵ ਐਮ ਪੀ, ਕੈਬਨਿਟ ਮਨਿਸਟਰ ਹੈਰੀ ਬੈਂਸ, ਸਪੀਕਰ ਰਾਜ ਚੌਹਾਨ, ਸਾਬਕਾ ਮੰਤਰੀ ਡਾ ਗੁਲਜ਼ਾਰ ਸਿੰਘ ਚੀਮਾ, ਕੁਲਵੰਤ ਢੇਸੀ, ਐਮ ਐਲ ਏ ਰਚਨਾ ਸਿੰਘ, ਕੁਲਦੀਪ ਸਿੰਘ ਰੇਡੀਓ ਹੋਸਟ ਹਾਜ਼ਰ ਸਨ। ਨਗਰ ਕੀਰਤਨ ਦੌਰਾਨ ਸੰਗਤਾਂ ਤੇ ਸੁਸਾਇਟੀਆਂ ਵਲੋ ਵੱਖ ਵੱਖ ਪਕਵਾਨਾਂ ਦੇ ਸਟਾਲ ਲਗਾਏ ਗਏ। ਗੁਰਦੁਆਰਾ ਸਾਹਿਬ ਵਲੋਂ ਵੀ ਗੁਰੂ ਕੇ ਲੰਗਰ ਅਤੁਟ ਵਰਤਾਏ ਗਏ। ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਮਲਕੀਤ ਸਿੰਘ ਧਾਮੀ ਨੇ ਸੰਗਤਾਂ ਤੇ ਆਏ ਆਗੂਆਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਦੀ ਕਾਰਵਾਈ ਸੈਕਟਰੀ ਜਰਨੈਲ ਸਿੰਘ ਭੰਡਾਲ ਨੇ ਨਿਭਾਈ।














AVERAGE HOME VALUES ARE INCREASING IN YOUR AREA
FIND OUT WHAT YOUR HOME IS WORTH NOW!



SARBAT
REAL ESTATE SERVICES LTD.
BUY OR SELL... MAY EVERYONE PROSPER



Mandeep Rai PREC*
(604) 300-7724
mrai@mandeeprai.ca

Prabhjot Kaur
(236) 332-4443
soldbyprabhjot@gmail.com

www.sarbatrealestate.com

14339 60 Avenue $2,100,000




DEVELOPMENT POTENTIAL with this 9,463 sqft lot since this and the neighbour two properties are already surrounded by townhouse developments on each side! The current home on the property is a gorgeous 2 storey w/basement with beautiful Newer kitchen, oak hardwood flooring, built-in hardwood cabinetry throughout, and more! 2 big bedrooms up, bedroom on main, and another in the basement. Finished basement w/separate entry. Super private fenced yard with 3 decks one is fully covered! Won't last!

308 3768 Hastings St. $549,999




Welcome to this beautiful corner unit with great daylight exposure. Great convenience in one of Burnaby's hottest neighbourhoods, the HEIGHTS. This spacious North East facing CORNER suite is a steal! Featuring this secured building w one parking, one storage locker and convenient services on 1st floor. Plus in-suite laundry with dark engineered floors & large balcony. On direct bus route to downtown. Perfect for an investor, first time buyer or the downsizer who needs to be close to the city without the high traffic of Downtown. Amazing investment property to hold, or move in and enjoy this much loved neighbourhood. 15 min to Downtown, 10 min to Brentwood, close to BCIT walk to PNE & shops/restaurants/cafes.

#603 11910 80 Ave $425,000




Popular Chancellor Place! Welcome to North Delta's concrete high rise. This large (1387 sqft ) corner & Bright two bedroom offers breathtaking views east to the South side, Mountains and stunning Sunrises! A well maintained unit in a well maintained proactive complex with lots of social activities including exercise room, activity/meeting room and indoor heated pool. A super convenient location within a short distance to shopping, transit, banks, pubs & restaurants. So many pluses in a worry free with secure underground parking plus 2 storage locker included.

7170 129A Street $1,485,000




Amazing location! Welcome to this beautiful house in the heart of Newton. This one features 3 bedrooms, perfect for growing family including one bedroom unauthorized suite. A quiet & private yard to enjoy summers. Renovated in 2018 with New paint, Appliances and kitchen Counter tops. Being a central location it is close to all the amenities like transit, shopping and schools. Come by for Open house on Jan 29 & 30, 2-4 pm by appointment and make this beautiful home your dream home.

11451 95 Avenue $1,295,000




Lovely well maintained 3 bedroom rancher located in Annieville, minutes to schools and transportation routes into the city. 7590 square foot lot with 66' of frontage. Occupy or rent out while you are planning your new home. Showings start November 20. Showings times will be Saturday 1-4:30 by appointment and Sunday November 21, 1-4pm OPEN HOUSE by appt. November 22, 23 and 24 by appt only. Offers will be considered the morning of Thursday November 25. Call for full details on property.

7622 140 Street $1,475,000




Residential Detached 6 bedrooms: 5 full baths: 3,400 sqft house sitting on 7200 sqft rectangular lot, Recently added with all professionals renovations. Huge Master bedroom with ensuite and walk-in-closet. Professionals work 3 basement unauthorized suits 1 bedroom each for additional Rental Income. Close to Elementary & Secondary schools, Parks, Surrey Temple, Transit, Recreation center and much more. Keep it as an investment or live in.

#111 - 13628 81A Ave. $425,000




Condo for Sale In Surrey

8296 153B Street $1,830,000




Location! Location!Location! Welcome to this gorgeous home in a nice and quiet Fleetwood neighbourhood. This home features 2 storey With 8 bedrooms including 2+2 bed rental Suites. Master bedroom with full ensuite & huge walk in closet. A skylight over the staircase. 2 storage sheds. Quick access to highways. Walk to Fleetwood Park Secondary School and Elementary School and close to shopping, library, community centre, parks, golf, bus stop and other amenities.

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
**Google**
**REVIEW !**

Link!
hughesco.com
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*

***Remote Location? No Problem. We will come to you !***

TRANSource FREIGHTWAYS

# Pin to Pin (ਯਾਰਡ ਤੋਂ ਯਾਰਡ)

## ਕੰਮ ਲਈ Drivers and Owner Operators ਚਾਹੀਦੇ ਹਨ।

## ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ




## ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**SUKHBIR SINGH:604-525-0527 Ext 112**

ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ

ਸ਼ਨੀਵਾਰ: 604–808–9805

Email:safety@transourcefreightways.com




## BUY NOW!!!

## MORE AFFORDABLE LAND PRICE IN EDMONTON, ALBERTA

Beautiful house on 153.40 acres of land with house and large metal shed on property near Edmonton International Airport on HWY 19.







# FEATURED LISTINGS

## SCOTTSDALE AREA

### Great Location in Delta



Completely renovated 1900sq feet 5-bedroom, 2 full baths house located in Delta on 6600sq feet fully fenced lot. Close to all amenities.

### Developers Alert

Great Project to build- New Westminster 45 Town Homes site in New Westminster Queensborough area with P.L.A

### Langley Campbell Valley Area

Well-kept 5-bedroom house on 19.3-acre of RU3 zoned land. Major opportunity to double your investment in few years.

***Coming Soon in Maple Ridge Townhomes plus Single family lots in Cotton Wood Area,***

## STRATA MANAGEMENT

- Attending Council Meetings
- Issuing notices of Annual and Special General Meetings.
- Attending, transcribing and circulating AGM and SGM Notes to owners
- Interpreting and providing assistance with the Strata Property Act, relevant legislations and bylaws to the owners and council.
- Project Management
- Getting the best rates for any contract work
- Preparing monthly financial statements
- Receiving, recording and depositing Strata fees
- Paying accounts Payable on time
- Renewing property appraisal and insurance
- Maintain 24/7 emergency response services & much more.

## PROPERTY MANAGEMENT

- Marketing your properties and Locating suitable tenants
- Checking tenant references for red flags
- Managing your AIRBNB Properties for higher return
- Addressing tenancy issues and taking care of concerns
- Performing move-in inspection
- Collecting damage deposits and rental payments
- Performing move-in and out inspections
- Arranging for required cleaning and maintenance
- Providing 24/7 emergency response & maintenance
- Setup, sign and maintain service contracts (Waste removal, HVAC, Landscaping, Cleaning, Insurance etc.).
- Supervise contractors and ensure performance





# ਸਰੀ ਹਸਪਤਾਲ ਵਿਚ ਮਰੀਜਾਂ ਨੂੰ ਕਰਨੀ ਪੈਂਦੀ ਹੈ ਲੰਬੀ ਉਡੀਕ

ਸਰੀ (ਬਲਵੀਰ ਕੌਰ ਢਿੱਲੋਂ)- ਜਿਵੇਂ ਕਿ ਤੁਸੀਂ ਸਾਰੇ ਜਾਣਦੇ ਹੀ ਹੋ ਕਿ ਸਾਡੀ ਕੌਮ ਦਾਨ ਪੁੰਨ ਦੇ ਕੰਮ ਵਿੱਚ ਸਭ ਤੋਂ ਮੂਹਰੇ ਹੁੰਦੀ ਹੈ।ਹਰ ਸਾਲ ਕਿੰਨੇ ਹੀ ਰੇਡੀਓ ਸਟੇਸ਼ਨਾਂ ਵਾਲ਼ੇ ਰੇਡੀਓਥੋਨ ਕਰਵਾਉਂਦੇ ਹਨ। ਜਿਸ ਵਿੱਚ ਹਸਪਤਾਲ਼ ਲਈ ਲੱਖਾਂ ਡਾਲਰ ਇਕੱਠੇ ਕਰਕੇ ਲੋਕਲ ਹਸਪਤਾਲ਼ਾਂ ਨੂੰ ਦਿੱਤੇ ਜਾਂਦੇ ਹਨ। ਕਿੰਨੀਆਂ ਹੀ ਸਰਕਾਰਾਂ ਆਈਆਂ ਤੇ ਕਿੰਨੀ ਹੀ ਚਲੇ ਗਈਆਂ, ਪਿਛਲੇ ਬਹੁਤ ਸਾਲਾਂ ਤੋਂ ਸਰੀ ਵਿੱਚ ਦੂਜਾ ਹਸਪਤਾਲ ਖੁੱਲਣ ਦਾ ਲਾਰਾ ਹਰ ਸਮੇਂ ਵੋਟਾਂ ਪੈਣ ਵੇਲੇ ਸਰਕਾਰਾਂ ਵੱਲੋਂ ਲਾਇਆ ਜਾਂਦਾ ਹੈ। ਜੋ ਕਿ ਅਜੇ ਤੱਕ ਨਹੀਂ ਬਣਿਆ। ਇੱਕ ਸਰਕਾਰ ਨੇ ਤਾਂ ਹਸਪਤਾਲ ਲਈ ਰੱਖੀ ਗਈ ਜ਼ਮੀਨ ਵੀ ਵੇਚ ਦਿੱਤੀ। ਮੈਂ ਮੰਨਦੀ ਹਾਂ ਕਿ ਸਾਡੇ ਪੰਜਾਬੀ ਬਹੁਤ ਦਿਆਲੂ ਹਨ, ਵੋਟਾਂ ਵੇਲੇ ਆਪਣੀਆਂ ਦੋਸਤੀਆਂ ਨਿਭਾਉਣ ਦੀ ਬਜਾਏ ਜੇ ਅਸੀਂ ਸਹੀ ਹੱਕਦਾਰ ਚੁਣੀਏ, ਜੋ ਕਿ ਸਾਡੇ ਸ਼ਹਿਰ ਨੂੰ ਸੁਰੱਖਿਅਤ ਅਤੇ ਵਧੀਆ ਬਣਾਉਣ ਵਿੱਚ ਸਾਡੀ ਮੱਦਦ ਕਰੇ। ਨਾ ਕਿ ਸਿਰਫ ਸਾਡੇ ਫੰਕਸ਼ਨਾਂ ਜਾਂ ਭੋਗਾਂ ਵਿੱਚ ਆ ਕੇ ਭਾਸ਼ਣ ਦੇਣ ਤੱਕ ਹੀ ਸੀਮਿਤ ਹੋਣ। ਦੋਸਤੋ ਜਿਹੜੇ ਨੁਮਾਇੰਦੇ ਅਸੀਂ ਚੁਣਦੇ ਹਾਂ ਉਹਨਾਂ ਨੂੰ ਸਵਾਲ ਪੁੱਛਣ ਦਾ ਵੀ ਸਾਨੂੰ ਹੱਕ ਹੈ। ਐਨਾ ਕੁਝ ਲਿਖਣ ਦਾ ਮਕਸਦ ਸਾਡੇ ਸਿਹਤ ਮਹਿਕਮੇ ਵਿੱਚ ਦਿਨੋ ਦਿਨ ਆ ਰਹੇ ਨਿਘਾਰ ਵੱਲ ਵੇਖ ਕੇ ਦੁੱਖ ਹੋ ਰਿਹਾ ਹੈ। ਬੜੀ ਸ਼ਰਮ ਮਹਿਸੂਸ ਹੁੰਦੀ ਇਹ ਦੱਸਦਿਆਂ ਕਿ ਕਨੇਡਾ ਵਰਗੇ ਮੁਲਕ, ਜਿੱਥੇ ਹਸਪਤਾਲਾਂ ਦੀ ਹਾਲਤ ਏਨੀ ਮਾੜੀ ਹੈ ਕਿ ਡਾਕਟਰ ਦੇਖਣ ਦੀ ਵਾਰੀ ਲਈ 10- 11 ਘੰਟੇ ਉਡੀਕ ਕਰਨੀ ਪੈਂਦੀ ਹੈ। ਇੱਕ ਤਾਂ ਇਨਸਾਨ ਬਿਮਾਰ ਹੁੰਦਾ ਉੱਪਰੋਂ ਏਨੀ ਲੰਬੀ ਉਡੀਕ, ਸਰਕਾਰਾਂ ਨੇ ਕਨੇਡਾ ਦਾ ਵੀ ਬੇੜਾ ਗਰਕ ਕਰ ਦਿੱਤਾ , ਬਾਹਰੋਂ ਲੋਕ ਤਾਂ ਧੜਾ ਧੜ ਆ ਰਹੇ ਹਨ ਪਰ, ਏਥੇ ਨਾ ਹੀ ਰਿਹਾਇਸ਼ ਲਈ ਪੂਰੇ ਘਰ ਜਾਂ ਬੇਸਮੈਂਟਾਂ ਹਨ, ਜਿਸ ਕਾਰਨ ਮਹਿੰਗਾਈ ਅਸਮਾਨ ਨੂੰ ਛੂਹ ਰਹੀ ਹੈ। ਪਿਛਲੇ ਕਿੰਨੇ ਹੀ ਸਾਲਾਂ ਤੋਂ ਵੋਟਾਂ ਵੇਲੇ ਹਰ ਲੀਡਰ ਵੱਲੋਂ ਨਵਾਂ ਹਸਪਤਾਲ਼ ਬਣਾਉਣ ਦੀ ਗੱਲ ਹੁੰਦੀ ਹੈ, ਪਰ ਬਣੇਗਾ ਕਦੋਂ ਉਹ ਪਤਾ ਨਹੀਂ। ਬੇਸ਼ੱਕ ਲੋਕ ਜਿੰਨੇ ਮਰਜ਼ੀ ਬਾਹਰੋਂ ਮੰਗਵਾਓ, ਪਰ ਏਥੇ ਦਾ ਬੁਨਿਆਦੀ ਅਤੇ ਆਰਥਿਕ ਢਾਂਚਾ ਵੀ ਸੁਧਾਰੋ।

## ਇੰਡੀਅਨ ਐਕਸ ਸਰਵਿਸਮੈਨ ਸੁਸਾਇਟੀ ਦੀ ਸਲਾਨਾ ਜਨਰਲ ਬਾਡੀ ਮੀਟਿੰਗ 25 ਅਪ੍ਰੈਲ ਨੂੰ

ਸਰੀ-ਇੰਡੀਅਨ ਐਕਸ ਸਰਵਿਸਮੈਨ ਸੁਸਾਇਟੀ ਦੀ ਸਾਲਾਨਾ ਜਨਰਲ ਬਾਡੀ ਮੀਟਿੰਗ 25 ਅਪ੍ਰੈਲ, 2022 ਦਿਨ ਸੋਮਵਾਰ ਨੂੰ ਇੰਡੋ ਕੈਨੇਡੀਅਨ ਸੀਨੀਅਰਜ਼ ਸਿਟੀਜ਼ਨ ਸੈਂਟਰ #200-7050-122 ਸਟਰੀਟ ਸਰੀ (ਬੀ. ਸੀ.) ਵਿਚ ਹੋਵੇਗੀ। ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਮੀਟਿੰਗ ਵਿਚ ਹੁੰਮ-ਹੁਮਾ ਕੇ ਪੁੱਜੋ। ਜੋ ਸਾਹਿਬਾਨ ਇਸ ਦੇ ਮੈਂਬਰ ਬਣਨਾ ਚਾਹੁੰਦੇ ਹਨ, ਉਹ ਵੀ ਸ਼ਾਮਿਲ ਹੋ ਸਕਦੇ ਹਨ। ਹੋਰ ਜਾਣਕਾਰੀ ਲਈ 604-501-3939 'ਤੇ ਸੰਪਰਕ ਕੀਤਾ ਜਾ ਸਕਦਾ ਹੈ।







# ਵਿਸਾਖੀ ਦੀਆਂ ਲੱਖ ਲੱਖ ਵਧਾਈਆਂ

SEVEN HORSES TRANSPORT LTD.

## NOW HIRING








## APPLY NOW!

3037 194 Street
Surrey BC

Phone: 604.533.4440

Fax: 604.533.9490

E: safety1@sevenhorses.ca
E: sarb@sevenhorses.ca

## WE PROVIDE

- Excellent Pay Package
- Fuel Cards
- Competitive Salary
- On-Site Maintenance/Wash Facility
- Family Atmosphere
- Yard Loading/Unloading

## WE ARE LOOKING FOR

- US and Canadian Owner Operators
- Flat Deck Drivers
- Heavy Haul Drivers
- Highway Drivers
- Local Drivers

## EQUIPMENT

- Super-B's, 53ft. Steps, RGN, Ramps, New

Fleet of 2022 Trucks company

# ਆਰਸੀਐਮਪੀ ਸੈੱਲ ਵਿਚ ਵਿਅਕਤੀ ਦੀ ਮੌਤ ਪਿੱਛੋਂ ਪੁਲਿਸ ਵਾਚਡੌਗ ਵਲੋਂ ਜਾਂਚ

ਸਰੀ-ਸਨਿਚਰਵਾਰ ਬਾਅਦ ਦੁਪਹਿਰ ਆਰਸੀਐਮਪੀ ਦੀ ਹਵਾਲਾਤ ਵਿਚ ਇਕ ਵਿਅਕਤੀ ਦੀ ਮੌਤ ਦੀ ਪੁਲਿਸ ਵਾਚਡੌਗ ਜਾਂਚ ਕਰ ਰਿਹਾ ਹੈ। ਅਧਿਕਾਰੀਆਂ ਵਲੋਂ ਇਕ ਵਿਅਕਤੀ ਜਿਹੜਾ ਪਰਿਵਾਰਕ ਹਮਲੇ ਦੀ ਜਾਂਚ ਦੇ ਸਬੰਧ ਵਿਚ 15 ਅਪ੍ਰੈਲ ਨੂੰ ਗ੍ਰਿਫਤਾਰ ਕੀਤਾ ਸੀ ਦੀ ਮੌਤ ਹੋ ਜਾਣ ਪਿੱਛੋਂ ਬੀਸੀ ਆਰਸੀਐਮਪੀ ਨੇ ਬ੍ਰਿਟਿਸ਼ ਕੋਲੰਬੀਆ ਦੇ ਸੁਤੰਤਰ ਜਾਂਚ ਦਫ਼ਤਰ ਵਲੋਂ ਜਾਂਚ ਕੀਤੇ ਜਾਣ ਦੀ ਜਾਣਕਾਰੀ ਦਿੱਤੀ ਹੈ। ਰਾਤ ਸਮੇਂ ਕੈਦੀਆਂ ਦੀ ਰੈਗੂਲਰ ਜਾਂਚ ਦੌਰਾਨ ਵਿਅਕਤੀ ਅਨਰਸਪੌਂਸਿਵ ਮਿਲਿਆ ਪਰ 16 ਅਪ੍ਰੈਲ ਨੂੰ ਦੁਪਹਿਰ ਬਾਅਦ ਜਾਂਚ ਦੌਰਾਨ ਅਫਸਰਾਂ ਨੂੰ ਪਤਾ ਲੱਗਾ ਕਿ ਵਿਅਕਤੀ ਅਨਰਸਪੌਂਸਿਵ ਹੋ ਗਿਆ ਹੈ। ਪੁਲਿਸ ਨੇ ਦੱਸਿਆ ਕਿ ਅਫਸਰਾਂ ਤੇ ਸੈੱਲ ਬਲਾਕ ਲਈ ਕੰਮ ਕਰਦੀ ਨਰਸ ਨੇ ਤੁਰੰਤ ਮੁੱਢਲੀ ਸਹਾਇਤਾ ਦਿੱਤੀ ਅਤੇ ਐਮਰਜੈਂਸੀ ਹੈਲਥ ਸੇਵਾਵਾਂ ਨੂੰ ਬੁਲਾਇਆ ਗਿਆ ਅਤੇ ਪੈਰਾਮੈਡਿਕਸ ਉਸ ਨੂੰ ਮ੍ਰਿਤਕ ਐਲਾਨੇ ਜਾਣ ਤਕ ਮੈਡੀਕਲ ਸਹਾਇਤਾ ਦਿੰਦੇ ਰਹੇ। ਪੁਲਿਸ ਵਾਚਡੌਗ ਇਸ ਗੱਲ ਦੀ ਜਾਂਚ ਕਰੇਗਾ ਕਿ ਕੀ ਪੁਲਿਸ ਦੀਆਂ ਕਾਰਵਾਈਆਂ ਵਿਅਕਤੀ ਦੀ ਮੌਤ ਲਈ ਜ਼ਿੰਮੇਵਾਰ ਹਨ ਜਾਂ ਨਹੀਂ।

# ਗੋਲੀਬਾਰੀ ਲਈ ਲੋੜੀਂਦੇ ਵਿਅਕਤੀ ਖਿਲਾਫ ਗ੍ਰਿ.ਫਤਾਰੀ ਵਾਰੰਟ ਜਾਰੀ

ਸਰੀ-ਸਰੀ ਗੋਲੀਬਾਰੀ ਦੇ ਸਬੰਧ ਵਿਚ ਲੋੜੀਂਦੇ ਵਿਅਕਤੀ 28 ਸਾਲਾ ਟੇਵੇਨ ਲੋਇਡ ਖਿਲਾਫ ਕੈਨੇਡਾ ਵਿਆਪੀ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਗਏ ਹਨ। 30 ਦਸੰਬਰ 2021 ਨੂੰ ਸਰੀ ਪੁਲਿਸ ਨੂੰ ਗੋਲੀਬਾਰੀ ਪਿੱਛੋਂ ਲੌਰਲ ਡਰਾਈਵ ਦੇ 13900 ਬਲੌਕ ਵਿਖੇ ਸੱਦਿਆ ਗਿਆ ਸੀ ਜਿਥੇ ਇਕ ਵਿਅਕਤੀ ਗੋਲੀ ਲੱਗਣ ਨਾਲ ਜ਼ਖ਼ਮੀ ਹੋ ਗਿਆ ਸੀ। ਜਾਂਚ ਅਧਿਕਾਰੀਆਂ ਨੇ ਆਖਰਕਾਰ ਸ਼ੱਕੀ ਦੀ ਪਛਾਣ ਕਰ ਲਈ ਅਤੇ ਪਿਛਲੇ ਮਹੀਨੇ ਦੋਸ਼ਾਂ ਨੂੰ ਪ੍ਰਵਾਨਗੀ ਦਿੱਤੀ ਗਈ। ਲੋਇਡ ਗੰਭੀਰ ਹਮਲੇ ਅਤੇ ਸਜ਼ਾਯੋਗ ਅਪਰਾਧ ਲਈ ਅਗਨੀ ਸ਼ਾਸਤਰ ਦੀ ਵਰਤੋਂ ਕਰਨ ਬਦਲੇ ਲੋੜੀਂਦਾ ਹੈ। ਲੋਇਡ ਨੂੰ ਉਪਨਾਮ ਗੁਕੀ ਵਜੋਂ ਵੀ ਜਾਣਿਆਂ ਜਾਂਦਾ ਹੈ।

# ਮੇਅਰ ਦਾ ਹੈਲੋਵਿਨ ਟਰਾਇਲ ਸਰੀ ਦੇ ਲੋਕਾਂ ਲਈ ਡਰਾਉਣਾ ਸੁਪਨਾ-ਐਨਿਸ

ਸਰੀ-ਸਰੀ ਫਸਟ ਦੀ ਕੌਂਸਲਰ ਲਿੰਡਾ ਐਨਿਸ ਨੇ ਕਿਹਾ ਕਿ ਮੈਕਲਮ ਦਾ ਹੈਲੋਵੀਨ ਟਰਾਇਲ ਸਰੀ ਦੇ ਵੋਟਰਾਂ ਤੇ ਕਰਦਾਤਾਵਾਂ ਲਈ ਡਰਾਉਣਾ ਸੁਪਨਾ ਹੈ। ਇਕ ਪ੍ਰੈਸ ਰਿਲੀਜ਼ ਵਿਚ ਐਨਿਸ ਨੇ ਕਿਹਾ ਕਿ ਸਰੀ ਦੇ ਵੋਟਰ ਤੇ ਕਰਦਾਤਾ ਸੱਚਮੁੱਚ ਇਸ ਪੂਰੀ ਚੀਜ਼ ਬਾਰੇ ਬਹੁਤ ਡੂੰਘਾਈ ਨਾਲ ਸੋਚ ਰਹੇ ਹਨ। ਲੋਕਾਂ ਨੂੰ ਸਮਝ ਨਹੀਂ ਪੈ ਰਹੀ ਕਿ ਇਸ ਨੂੰ ਇੰਨਾ ਲੰਬਾ ਸਮਾਂ ਕਿਉਂ ਲੱਗ ਰਿਹਾ ਹੈ, ਖ਼ਾਸਕਰ ਉਸ ਸਮੇਂ ਜਦੋਂਕਿ ਇਸ ਬਾਰੇ ਸਿਰਫ ਇਕ ਸਧਾਰਨ ਸਵਾਲ ਹੈ ਕਿ ਕੀ ਡੱਗ ਮੈਕਲਮ ਦੇ ਪੈਰ 'ਤੇ ਕਾਰ ਚੜ੍ਹਾਈ ਗਈ ਸੀ ਜਾਂ ਨਹੀਂ। ਡੱਗ ਮੈਕਲਸ ਦੇ ਜਨਤਕ ਸ਼ਰਾਰਤ ਮਾਮਲੇ ਦੀ ਸੁਣਵਾਈ ਕੌਂਸਲ ਚੋਣਾਂ ਤੋਂ ਦੋ ਹਫ਼ਤੇ ਬਾਅਦ 31 ਅਕਤੂਬਰ ਤੋਂ ਸ਼ੁਰੂ ਹੋਵੇਗੀ। 15 ਅਕਤੂਬਰ ਨੂੰ ਹੋ ਰਹੀਆਂ ਚੋਣਾਂ ਲਈ ਮੇਅਰ ਮੈਕਲਮ ਉਨ੍ਹਾਂ 'ਤੇ ਚਲ ਰਹੇ ਅਪਰਾਧਿਕ ਮੁਕੱਦਮੇ ਨਾਲ ਮੁੜ ਚੋਣ ਲੜਨ ਲਈ ਪ੍ਰਚਾਰ ਕਰਨਗੇ।

# ਇਲੈਕਸ਼ਨ ਬੀ.ਸੀ. ਕੋਲ ਨਿਊ ਸਰੀ ਫੋਰਵਾਰਡ ਸਿਵਿਕ ਸਲੇਟ ਰਜਿਸਟਰਡ

ਸਰੀ-ਸਰੀ ਸਿਟੀ ਹਾਲ 'ਤੇ ਕਬਜ਼ਾ ਕਰਨ ਲਈ ਮੁਕਾਬਲਾ ਕਰਨ ਵਾਸਤੇ ਇਕ ਨਿਊ ਸਿਵਿਕ ਸਲੇਟ ਬਣਾਈ ਜਾ ਰਹੀ ਹੈ। ਇਲੈਕਸ਼ਨਸ ਬੀਸੀ ਕੋਲ ਸਰੀ ਫਾਰਵਰਡ ਨੇ ਆਪਣੇ ਆਪ ਨੂੰ ਰਜਿਸਟਰਡ ਕਰਵਾਇਆ ਹੈ ਪਰ ਉਮੀਦਵਾਰ ਦਾ ਅਜੇ ਤਕ ਖੁਲਾਸਾ ਨਹੀਂ ਕੀਤਾ ਗਿਆ। ਬ੍ਰੈਟ ਬਾਰਡਨ ਨੂੰ ਨਿਊ ਸਲੇਟ ਦਾ ਅਧਿਕਾਰਤ ਪ੍ਰਮੁੱਖ ਅਧਿਕਾਰੀ ਵਜੋਂ ਸੂਚੀਬੱਧ ਕੀਤਾ ਗਿਆ ਹੈ ਅਤੇ ਓਲੁਵਾਟੋਬੀ ਅਬੀਸੋਏ ਇਸ ਦੇ ਵਿੱਤੀ ਏਜੰਟ ਹੋਣਗੇ। ਦੋਵਾਂ ਦਾ ਪ੍ਰੋਵਿੰਸ਼ੀਅਲ ਐਨਡੀਪੀ ਨਾਲ ਸਬੰਧ ਹੈ। ਸਰੀ-ਗਰੀਨ ਟਿੰਬਰਸ ਤੋਂ ਸਾਬਕਾ ਐਮਐਲਏ ਸੂ ਹੈਮੇਲ ਨੇ ਬਾਰਡਨ ਨੂੰ ਹਲਕਾ ਸਹਾਇਕ ਵਜੋਂ ਜਦਕਿ ਸਰੀ - ਪਨੋਰਮਾ ਤੋਂ ਐਮਐਲਏ ਜਿਨੀ ਸਿਮਸ ਲਈ ਅਬੀਸੋਏ ਨੂੰ ਵਲੰਟੀਅਰ ਹਲਕਾ ਸਹਾਇਕ ਦੇ ਤੌਰ 'ਤੇ ਨਿਯੁਕਤ ਕੀਤਾ ਗਿਆ ਸੀ। ਅਬੀਸੋਏ 2020 ਸੂਬਾ ਚੋਣਾਂ ਵਿਚ ਸਿਮਸ ਦੇ ਵਿੱਤੀ ਏਜੰਟ ਵੀ ਸੀ ਅਤੇ ਬਾਰਡਨ ਨੇ ਸਰੀ-ਗਿਲਡਫੋਰਡ ਵਿਚ ਸਰੀ ਦੇ ਐਨਡੀਪੀ ਐਮਐਲਏ ਗੈਰੀ ਬੇਗ ਦੇ ਰਾਈਡਿੰਗ ਪ੍ਰਧਾਨ ਵਜੋਂ ਵੀ ਕੰਮ ਕੀਤਾ ਹੈ।


# ਪੰਜਾਬ ਸਰਕਾਰ ਵੱਲੋਂ ਕਰਜਾਈ ਕਿਸਾਨਾਂ ਦੇ ਗ੍ਰਿ.ਫਤਾਰੀ ਵਾਰੰਟ ਰੱਦ ਕਰਨ ਦਾ .ਫੈਸਲਾ

ਚੰਡੀਗੜ੍ਹ-ਆਮ ਆਦਮੀ ਪਾਰਟੀ ਦੀ ਸਰਕਾਰ ਨੇ ਖੇਤੀ ਵਿਕਾਸ ਬੈਂਕਾਂ ਵੱਲੋਂ ਕਰਜ਼ਈ ਕਿਸਾਨਾਂ ਦੇ ਜਾਰੀ ਕੀਤੇ ਗਏ ਗ੍ਰਿਫ਼ਤਾਰੀ ਵਾਰੰਟ ਰੱਦ ਕਰਨ ਦਾ ਫ਼ੈਸਲਾ ਲਿਆ ਹੈ ਅਤੇ ਐਲਾਨ ਕੀਤਾ ਹੈ ਕਿ ਕਿਸੇ ਵੀ ਕਰਜ਼ਈ ਕਿਸਾਨ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾਵੇਗਾ। ਵਿੱਤ ਤੇ ਸਹਿਕਾਰਤਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਕਿਹਾ ਕਿ ਪੰਜਾਬ ਵਿੱਚ ਕਿਸੇ ਵੀ ਕਰਜ਼ਈ ਕਿਸਾਨ ਦੀ ਗ੍ਰਿਫ਼ਤਾਰੀ ਨਹੀਂ ਹੋਵੇਗੀ ਅਤੇ ਜਾਰੀ ਹੋਏ ਗ੍ਰਿਫ਼ਤਾਰੀ ਵਾਰੰਟ ਵਾਪਸ ਲਏ ਜਾਣਗੇ। ਇਸ ਸਬੰਧ ਵਿੱਚ ਵਿੱਤ ਤੇ ਸਹਿਕਾਰਤਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਅਸਲ ਵਿੱਚ ਪਿਛਲੀ ਕਾਂਗਰਸ ਸਰਕਾਰ ਨੇ ਜਾਂਦੇ ਹੋਏ ਕਰਜ਼ਈ ਕਿਸਾਨਾਂ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਕਰ ਦਿੱਤੇ ਸਨ, ਜਿਨ੍ਹਾਂ ਨੂੰ ਖੇਤੀ ਵਿਕਾਸ ਬੈਂਕਾਂ ਦੇ ਅਧਿਕਾਰੀਆਂ ਨੇ ਰਿਨੀਊ ਕਰਵਾ ਲਿਆ ਸੀ। 'ਆਪ' ਸਰਕਾਰ ਦੇ ਇਸ ਫ਼ੈਸਲੇ ਮਗਰੋਂ ਖੇਤੀ ਵਿਕਾਸ ਬੈਂਕਾਂ ਵੱਲੋਂ ਕਰੀਬ 9200 ਕਰਜ਼ਈ ਕਿਸਾਨਾਂ ਦੇ ਗ੍ਰਿਫ਼ਤਾਰੀ ਵਾਰੰਟਾਂ ਨੂੰ ਅੰਤਿਮ ਰੂਪ ਦਿੱਤੇ ਜਾਣ ਦਾ ਕੰਮ ਠੰਢੇ ਬਸਤੇ ਪੈ ਸਕਦਾ ਹੈ। ਮਿਲੀ ਜਾਣਕਾਰੀ ਅਨੁਸਾਰ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਦੋ ਕਿਸਾਨਾਂ ਨੂੰ ਖੇਤੀ ਵਿਕਾਸ ਬੈਂਕਾਂ ਨੇ ਜੇਲ੍ਹ ਵਿੱਚ ਵੀ ਡੱਕ ਦਿੱਤਾ ਸੀ ਜਦੋਂ ਕਿ ਦੋ ਹੋਰ ਕਿਸਾਨਾਂ ਨੂੰ ਲਿਖਤੀ ਵਾਅਦੇ ਮਗਰੋਂ ਛੱਡ ਦਿੱਤਾ ਗਿਆ। ਕਰਜ਼ਈ ਕਿਸਾਨਾਂ ਵਿੱਚ ਇਸ ਕਾਰਵਾਈ ਨਾਲ ਕਾਫ਼ੀ ਖ਼ੌਫ਼ ਪੈਦਾ ਹੋ ਗਿਆ ਸੀ। ਗੁਰੂ ਹਰਸਹਾਏ ਦੇ ਸਹਾਇਕ ਰਜਿਸਟਰਾਰ ਨੇ ਦੋ ਕਰਜ਼ਈ ਕਿਸਾਨਾਂ ਸੁਖਮਿੰਦਰ ਸਿੰਘ ਅਤੇ ਜੀਤ ਸਿੰਘ ਨੂੰ 13 ਅਪਰੈਲ ਨੂੰ ਫ਼ਿਰੋਜ਼ਪੁਰ ਜੇਲ੍ਹ ਭੇਜ ਦਿੱਤਾ ਸੀ। ਇਹ ਦੋਵੇਂ ਕਿਸਾਨ 20 ਅਪਰੈਲ ਨੂੰ ਜੇਲ੍ਹ 'ਚੋਂ ਰਿਹਾਅ ਹੋਏ ਹਨ। ਪ੍ਰਾਪਤ ਵੇਰਵਿਆਂ ਅਨੁਸਾਰ ਖੇਤੀ ਵਿਕਾਸ ਬੈਂਕਾਂ ਵੱਲੋਂ ਕਰੀਬ ਦੋ ਹਜ਼ਾਰ ਗ੍ਰਿਫ਼ਤਾਰੀ ਵਾਰੰਟ ਪਹਿਲਾਂ ਹੀ ਤਿਆਰ ਕੀਤੇ ਜਾ ਚੁੱਕੇ ਹਨ। ਹੁਣ ਫ਼ਿਰੋਜ਼ਪੁਰ ਡਿਵੀਜ਼ਨ ਵਿੱਚ ਕਰੀਬ ਤਿੰਨ ਹਜ਼ਾਰ, ਪਟਿਆਲਾ ਡਿਵੀਜ਼ਨ ਵਿੱਚ 4500 ਅਤੇ ਜਲੰਧਰ ਡਿਵੀਜ਼ਨ 'ਚ ਕਰੀਬ 1800 ਕਰਜ਼ਈ ਕਿਸਾਨਾਂ ਦੇ ਗ੍ਰਿਫ਼ਤਾਰੀ ਵਾਰੰਟ ਤਿਆਰ ਕਰਨ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਸੀ, ਜੋ ਕਿ ਹੁਣ ਰੁਕਣ ਦੀ ਸੰਭਾਵਨਾ ਹੈ। ਪੰਜਾਬ ਵਿੱਚ ਕਣਕ ਦਾ ਝਾੜ ਕਰੀਬ 20 ਫ਼ੀਸਦੀ ਤੱਕ ਘੱਟ ਗਿਆ ਹੈ ਤੇ ਉੱਪਰੋਂ ਬਦਲ ਰਹੇ ਮੌਸਮ ਨੇ ਕਿਸਾਨਾਂ ਦੇ ਸਾਹ ਸੂਤੇ ਹੋਏ ਹਨ। ਚੇਤੇ ਰਹੇ ਕਿ ਖੇਤੀ ਵਿਕਾਸ ਬੈਂਕ ਜਲਾਲਾਬਾਦ ਨੇ ਪਿੰਡ ਕਾਹਨੇਵਾਲਾ ਦੇ ਕਿਸਾਨ ਸੋਮਨਾਥ ਨੂੰ 12 ਲੱਖ ਰੁਪਏ ਦੇ ਕਰਜ਼ੇ ਕਰ ਕੇ ਅਤੇ ਫ਼ਿਰੋਜ਼ਪੁਰ ਬੈਂਕ ਨੇ ਬਖ਼ਸ਼ੀਸ਼ ਸਿੰਘ ਨਾਮ ਦੇ ਕਿਸਾਨ ਨੂੰ ਪਹਿਲਾਂ ਗ੍ਰਿਫਤਾਰ ਕਰ ਲਿਆ ਸੀ ਪ੍ਰੰਤੂ ਲਿਖਤੀ ਬਿਆਨ ਲੈਣ ਮਗਰੋਂ ਉਨ੍ਹਾਂ ਨੂੰ ਛੱਡ ਦਿੱਤਾ ਗਿਆ। ਮਿਲੀ ਜਾਣਕਾਰੀ ਅਨੁਸਾਰ ਖੇਤੀ ਵਿਕਾਸ ਬੈਂਕਾਂ ਨੇ 71 ਹਜ਼ਾਰ ਕਿਸਾਨਾਂ ਕੋਲੋਂ 3200 ਕਰੋੜ ਰੁਪਏ ਵਸੂਲਣੇ ਹਨ, ਜਿਨ੍ਹਾਂ 'ਚੋਂ ਕਰੀਬ 60 ਹਜ਼ਾਰ ਡਿਫਾਲਟਰ ਕਿਸਾਨਾਂ ਤੋਂ ਕਰੀਬ 2300 ਕਰੋੜ ਵਸੂਲ ਕੀਤੇ ਜਾਣੇ ਹਨ।

# ਸਬਵੇਅ ਰੇਲ ਪਟੜੀ 'ਤੇ ਔਰਤ ਨੂੰ ਧੱਕਾ ਦੇਣ ਵਾਲੇ ਸ਼ੱਕੀ ਔਰਤ ਦੀ ਭਾਲ

ਟੋਰਾਂਟੋ-ਪੁਲਿਸ ਨੇ ਕਤਲ ਦੀ ਕੋਸ਼ਿਸ਼ ਕਰਨ ਲਈ ਲੋੜੀਂਦੇ ਸ਼ੱਕੀ ਔਰਤ ਦੀਆਂ ਤਸਵੀਰਾਂ ਜਾਰੀ ਕੀਤੀਆਂ ਹਨ ਅਤੇ ਇਹ ਕੋਸ਼ਿਸ਼ ਯੌਂਗੇ-ਬਲੂਰ ਸਬਵੇਅ ਸਟੇਸ਼ਨ ਵਿਖੇ ਐਤਵਾਰ ਕੀਤੀ ਗਈ ਸੀ। ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਤ 9.03 ਵਜੇ ਫੋਨ ਆਇਆ ਕਿ ਪਲੇਟਫਾਰਮ 'ਤੇ ਜਾ ਰਹੀ ਇਕ ਔਰਤ ਨੂੰ ਇਕ ਹੋਰ ਔਰਤ ਨੇ ਸਬਵੇਅ ਰੇਲ ਪਟੜੀਆਂ 'ਤੇ ਧੱਕਾ ਦੇ ਦਿੱਤਾ। ਪੁਲਿਸ ਨੂੰ ਪਹਿਲਾਂ ਪਹਿਲ ਰਿਪੋਰਟ ਮਿਲੀ ਕਿ ਪੜਤੀ ਨੂੰ ਇਕ ਸਬਵੇਅ ਰੇਲਗੱਡੀ ਨੇ ਟੱਕਰ ਮਾਰੀ ਹੈ ਪਰ ਹਸਪਤਾਲ ਲਿਜਾਣ ਪਿੱਛੋਂ ਉਸ ਨੇ ਦਾਅਵਾ ਕੀਤਾ ਕਿ ਉਸ ਨੂੰ ਡਿਗਣ ਨਾਲ ਗੰਭੀਰ ਸੱਟਾਂ ਲੱਗੀਆਂ ਹਨ। ਕਥਿਤ ਦੋਸ਼ੀ ਦੀ ਸਵੇਰੇ ਸੀਸੀਟੀਵੀ ਤਸਵੀਰ ਜਾਰੀ ਕੀਤੀ ਗਈ। ਯੌਂਗੇ-ਬਲੂਰ ਸਬਵੇਅ ਸਟੇਸ਼ਨ 'ਤੇ ਇਸ ਤਰ੍ਹਾਂ ਦੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਚਾਰ ਮਹੀਨੇ ਪਹਿਲਾਂ 36 ਸਾਲਾ ਜੌਰਡਨ ਡਾਲਾਰਡ ਨੂੰ ਪਲੇਟਫਾਰਮ 'ਤੇ ਇਕ ਵਿਅਕਤੀ ਨਾਲ ਬਹਿਸ ਪਿੱਛੋਂ ਧੱਕਾ ਦਿੱਤਾ ਜਾਣ ਤੋਂ ਬਾਅਦ ਇਕ ਆ ਰਹੀ ਰੇਲ ਗੱਡੀ ਨੇ ਟੱਕਰ ਮਾਰੀ ਤੇ ਘਸੀਟ ਦਿੱਤਾ ਸੀ।






ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

1080 ਦਿਨ ਰਹੇ ਨਾ ਸਦਾ ਜਹਾਨ ਉਤੇ, ਸਦਾ ਰਹੇ ਨਾ ਕਾਲੜੀ ਰਾਤ ਮੀਆਂ।
ਸਦਾ ਨਹੀਂ ਸਿਰਾਂ ਤੇ ਤਾਜ ਰਹਿੰਦੇ, ਸਦਾ ਰਹਿਣ ਨਾ ਇੱਕੋ ਹਾਲਾਤ ਮੀਆਂ।
ਸਦਾ ਰਹਿਣ ਨਾ ਭਰ ਜਵਾਨੀਆਂ ਦੇ, ਸਦਾ ਧੁੱਪ ਨਾ ਸਦਾ ਬਰਸਾਤ ਮੀਆਂ।
ਹਰਚੰਦ ਸਿੰਘਾ ਦੇ ਕੇ ਖੋਹ ਲੈਂਦਾ, ਦੇਣ ਵਾਲਾ ਦੇ ਕੇ ਸੁਗਾਤ ਮੀਆਂ॥

1081 ਤੁਸਾਂ ਗੁਰਾਂ ਤੋਂ ਰਾਜ ਦੀ ਭੀਖ ਮੰਗੀ, ਉਨ੍ਹਾਂ ਹੱਸ ਕੇ ਝੋਲੀ ਪਾ ਦਿੱਤਾ।
ਤਾਰਾ ਆਜ਼ਮ ਆਉਂਦਾ ਸੀ ਮੌਤ ਬਣਿਆ, ਤੁਖ਼ਮ ਉਸਦਾ ਆਣ ਮੁਕਾ ਦਿੱਤਾ।
ਦਿੱਤੀ ਆਪ ਨੂੰ ਹਿੰਦ ਦੀ ਬਾਦਸ਼ਾਹੀ, ਤਾਜੋ-ਤਖ਼ਤ ਦਾ ਹੱਕੀ ਬਣਾ ਦਿੱਤਾ।
ਵਾਅਦੇ ਤੋੜ ਕੇ ਵੇਖ ਹਰਚੰਦ ਸਿੰਘਾ, ਅਸਾਂ ਆਪਣਾ ਕੌਲ ਭੁਲਾ ਦਿੱਤਾ॥

1082 ਅਜੇ ਸਮਾਂ ਹੈ ਆਪ ਨਾਂਦੇੜ ਜਾ ਕੇ, ਰੁੱਸੇ ਪੀਰ ਨੂੰ ਲੈ ਮਨਾ ਮੀਆਂ।
ਡੱਕਾਂ ਕਰ ਹਵਾਲੇ ਗੁਰੂ ਜੀ ਦੇ, ਹੋਈ ਦੇਰੀ ਦੀ ਭੁੱਲ ਬਖਸ਼ਾ ਮੀਆਂ।
ਮਰਜੀ ਆਪ ਦੀ ਮੰਨੋ ਜਾਂ ਨਾ ਮੰਨੋ, ਅਸਾਂ ਦਿੱਤੀ ਏ ਨੇਕ ਸਲਾਹ ਮੀਆਂ।
ਹਰਚੰਦ ਸਿੰਘਾ ਅਸੀਂ ਤੇ ਸੱਚ ਆਖੀ, ਹੋ ਜਾਈਂ ਨਾ ਕਿਤੇ ਤਬਾਹ ਮੀਆਂ॥

1083 ਬਘੌਰ ਜਾ ਮੈਂ ਖਾਧੀਆਂ ਬਹੁਤ ਸੌਂਹਾਂ, ਗੁਰਾਂ ਮੈਨੂੰ ਵੀ ਦੇਣਾ ਸਰਾਫ ਸਾਈਂ।
ਕੀ ਪਤਾ ਫੇਰ ਕਦ ਲੋੜ ਪੈ ਜੇ, ਗਲ ਅਸਾਂ ਤੇ ਕਰਨੀ ਸਾਫ਼ ਸਾਈਂ।
ਜਾ ਕੇ ਰੱਬ ਨੂੰ ਅਸਾਂ ਨੇ ਜਾਨ ਦੇਣੀ, ਦਰਗਾਹ ਹੋਣਾ ਸਭ ਇਨਸਾਫ ਸਾਈਂ।
ਦੇਰ ਨਾਲ ਵੀ ਜੋ ਦਰੁਸਤ ਆਉਂਦੇ, ਹੋਣ ਗ਼ਲਤੀਆਂ ਸਾਰੀਆਂ ਮਾਫ ਸਾਈਂ॥

### ਬਹਾਦਰ ਸ਼ਾਹ ਦਾ ਗੁਰੂ ਜੀ ਨੂੰ ਮਿਲਣ ਜਾਣਾ

1084 ਨੰਦ ਲਾਲ ਸੀ ਸ਼ਾਹ ਦਾ ਪੀਰ ਮੁਨਸ਼ੀ, ਗਿਆਨਵਾਨ ਤੇ ਨੇਕ ਇਨਸਾਨ ਹੈ ਸੀ।
ਸਾਰੇ ਉਸਨੂੰ ਕਾਫ਼ਰ ਆਖਦੇ ਸੀ, ਬਹਾਦਰ ਸ਼ਾਹ ਦੀ ਉਸ ਵਿਚ ਜਾਨ ਹੈ ਸੀ।
ਗਲ ਕਰਦਾ ਨਾਲ ਦਲੀਲ ਦੇ ਸੀ, ਬੜਾ ਸ਼ਾਹ ਨੂੰ ਉਸ ਤੇ ਮਾਨ ਹੈ ਸੀ।
ਹਰਚੰਦ ਸਿੰਘਾ ਦੂਰ ਅੰਦੇਸ਼ ਬੜਾ, ਕਵੀਆਂ ਵਿਚੋਂ ਕਵੀ ਮਹਾਨ ਹੈ ਸੀ॥

1085 ਅਹਿਮਦ ਨਗਰ ਤੋਂ ਚਲੀ ਬਾਦਸ਼ਾਹੀ, ਛਤਰ ਹਾਥੀਆਂ ਉਤੇ ਸਜਾ ਬੇਲੀ।
ਨਾਲ ਗਾਰਦਾਂ ਆਪਣੇ ਬੀੜ ਲਈਆਂ, ਉਹ ਜਾਣ ਲਤਾੜਦੇ ਰਾਹ ਬੇਲੀ।
ਨੇੜੇ ਨਾਂਦੇੜ ਦੇ ਆ ਉਨ੍ਹਾਂ, ਦਿੱਤੇ ਡੇਰੇ ਲਸ਼ਕਰਾਂ ਲਾ ਬੇਲੀ।
ਨੰਦ ਲਾਲ ਨੇ ਗੁਰਾਂ ਦੇ ਚਰਨ ਸੂਹੇ, ਪੱਲਾ ਆਪਣੇ ਗਲ ਵਿਚ ਪਾ ਬੇਲੀ॥

### ਗੁਰੂ ਜੀ ਨੇ ਨੰਦ ਲਾਲ ਨੂੰ ਸਵਾਲ ਕਰਨੇ

1086 ਨੰਦ ਲਾਲ ਜੀ ਕਿਵੇਂ ਆਉਣ ਹੋਇਆ, ਸਾਡੇ ਤਾਈਂ ਕੀ ਪਈ ਏ ਲੋੜ ਭਾਈ।
ਚੇਤੇ ਕਰ ਬਘੌਰ ਜੋ ਆ ਕੀਤੇ, ਕੌਲ ਕਰਕੇ ਦਿੱਤੇ ਨੇ ਤੋੜ ਭਾਈ।
ਅਸਾਂ ਤੇਰੇ ਮੂੰਹ ਨੂੰ ਹਾਂ ਕੀਤੀ, ਦੋਸ਼ੀ (ਢੱਕਾਂ) ਸਾਡੇ ਸਾਨੂੰ ਮੋੜ ਭਾਈ।
ਹਰਚੰਦ ਸਿੰਘਾ ਸ਼ਾਹ ਵੀ ਫਿਰ ਗਿਆ, ਅਸਾਂ ਲਿਆ ਏ ਕੱਢ ਨਚੋੜ ਭਾਈ॥

### ਨੰਦ ਲਾਲ ਜੀ

1087 ਗੁਰਦੇਵ ਪਾਤਿਸ਼ਾਹ ਚੱਲ ਕੇ ਸ਼ਾਹ ਆਇਆ, ਸਮਾਂ ਆਪਦੇ ਨਾਲ ਬਤਾਵਣੇ ਨੂੰ।
ਬੜੇ ਚਿਰ ਤੋਂ ਤਰਸਦੀ ਰੂਹ ਉਸਦੀ, ਨਜ਼ਰਾਂ ਭੁੱਖੀਆਂ ਦਰਸ਼ਨ ਪਾਵਣੇ ਨੂੰ।
ਦਿਲ ਉਸਦੇ ਬੜਾ ਹੀ ਚਾਅ ਹੋਇਆ, ਆਪਾਂ ਨਾਲ ਸ਼ਿਕਾਰ ਤੇ ਜਾਵਣੇ ਨੂੰ।
ਹਰਚੰਦ ਸਿੰਘਾ ਲਿਆਇਆ ਬਹੁਤ ਤੋਫ਼ੇ, ਨਾਲੇ ਮਾਇਆ ਲੰਗਰ ਲਾਵਣੇ ਨੂੰ॥

### ਗੁਰੂ ਜੀ ਦਾ ਉਤਰ

1088 ਸਾਨੂੰ ਲੋੜ ਨਹੀਂ ਉਸਦੇ ਤੋਹਿਆਂ ਦੀ, ਲੰਗਰ ਸਾਡੇ ਰਹੇ ਨੇ ਚੱਲ ਲਾਲਾ।
ਉਹੋ ਬੰਦਾ ਸਾਨੂੰ ਪਸੰਦ ਨਾਂਹੀ, ਸਾਡੇ ਨਾਲ ਕਰੇ ਜੋ ਛੱਲ ਲਾਲਾ।
ਬਚਨ ਦਿੱਤੇ ਤੁਸਾਂ ਨੇ ਜੋ ਸਾਨੂੰ, ਹੁਣ ਰਹੇ ਉਨ੍ਹਾਂ ਤੋਂ ਟਲ ਲਾਲਾ।
ਸਿੱਧੀ ਉਂਗਲੀ ਘਿਉ ਜੇ ਨਾ ਆਏ, ਪਾਉਣਾ ਪੈਂਦਾ ਉਸ ਵਿਚ ਵਲ ਲਾਲਾ॥

### ਨੰਦ ਲਾਲ ਜੀ

1089 ਢੱਕਾਂ ਆਪ ਨੂੰ ਉਸਨੇ ਦਿੱਤੀਆਂ ਨਹੀਂ, ਇਸ ਗੱਲੋਂ ਹੈ ਸ਼ਰਮਸ਼ਾਰ ਦਾਤਾ।
ਉਹ ਚਾਹੁੰਦਾ ਦੋਸਤੀ ਰਹੇ ਪੱਕੀ, ਬਣਿਆ ਰਹੇ ਆਪਸੀ ਪਿਆਰ ਦਾਤਾ।
ਵਾਅਦੇ ਆਪਦੇ ਨਾਲ ਸੀ ਜੋ ਕੀਤੇ, ਉਹੋ ਮੰਨਣ ਦੇ ਲਈ ਤਿਆਰ ਦਾਤਾ।
ਬੰਦਾ ਸਿੰਘ ਨੂੰ ਘੱਲ ਪੰਜਾਬ ਦਿੱਤਾ, ਇਸ ਖਬਰ ਨੇ ਕੀਤਾ ਲਾਚਾਰ ਦਾਤਾ॥

### ਗੁਰੂ ਜੀ

1090 ਬਹੁਤ ਦੇਰ ਹੈ ਸ਼ਾਹ ਨੇ ਕਰ ਦਿੱਤੀ, ਪੂਰੀ ਕੀਤੀ ਨਾ ਸਾਡੀ ਮੰਗ ਭਾਈ।
ਤੀਰ ਛੱਡਿਆ ਪਿੱਛੇ ਪਰਤਦਾ ਨਾ, ਸਮਾ ਗਿਆ ਹੱਥੋਂ ਲੰਘ ਭਾਈ।
ਸਜ਼ਾ ਮਿਲੇਗੀ ਦੋਸ਼ਾਂ ਦੀ ਦੋਸ਼ੀਆਂ ਨੂੰ, ਹੋਣੀ ਵਿਚ ਮੈਦਾਨ ਦੇ ਜੰਗ ਭਾਈ।
ਹਰਚੰਦ ਸਿੰਘਾ ਨਿਚੋੜ ਕੇ ਰੱਤ ਸਿੰਘਾਂ, ਕਰਨਾ ਧਰਤ ਨੂੰ ਰੱਤੜਾ ਰੰਗ ਭਾਈ॥

1091 ਹੋ ਸਾਹਮਣੇ ਉਨ੍ਹਾਂ ਨੂੰ ਕੌਣ ਰੋਕੇ, ਜਦ ਹੜ੍ਹ-ਹਨੇਰੀਆਂ ਚੜ੍ਹਦੀਆਂ ਨੇ।
ਕੱਖ, ਕਾਨੇ ਉੜਦੇ, ਖੰਭ ਲਾ ਕੇ, ਉਹੋ ਜਦ ਰਫਤਾਰਾਂ ਫੜਦੀਆਂ ਨੇ।
ਅੱਗ ਜਦੋਂ ਜੰਗਲੀ ਜਾ ਵੜਦੀ, ਫਿਰ ਹਰੀਆਂ ਟਾਹਣੀਆਂ ਸੜਦੀਆਂ ਨੇ।
ਘਟਾਵਾਂ ਭਿੜਦੀਆਂ ਜਦੋਂ ਹਰਚੰਦ ਸਿੰਘਾ, ਫਿਰ ਅੰਬਰੋਂ ਅੱਗਾਂ ਵਰ੍ਹਦੀਆਂ ਨੇ॥

1092 ਜਾਹ ਜਾ ਕੇ ਆਖ ਦੇ ਬਾਦਸ਼ਾਹ ਨੂੰ, ਤੈਂ ਚੰਗਾ ਕੌਲ ਨਿਭਾਇਆ ਏ।
ਆਪ ਹੀ ਥੁੱਕ ਕੇ ਚੱਟ ਲਿਆ, ਧੱਬਾ ਦੀਨ ਈਮਾਨ ਨੂੰ ਲਾਇਆ ਏ।
ਉਹ ਡਿੱਗਾ ਸਾਡੀਆਂ ਨਜ਼ਰਾਂ ਤੋਂ, ਅਸਾਂ ਉਸ ਨੂੰ ਦਿਲੋਂ ਭੁਲਾਇਆ ਏ।
ਮੂੰਹ ਕਿਹੜਾ ਲੈ ਹਰਚੰਦ ਸਿੰਘਾ, ਉਹ ਸਾਨੂੰ ਮਿਲਣ ਲਈ ਆਇਆ ਏ॥

### ਨੰਦ ਲਾਲ ਨੇ ਸ਼ਾਹ ਨੂੰ ਦੱਸਣਾ ਤੇ ਉਸਦਾ ਕ੍ਰੋਧ ਕਰਨਾ

1093 ਪਤਾ ਲੱਗਾ ਜਦੋਂ ਬਾਦਸ਼ਾਹ ਨੂੰ, ਸਾਨੂੰ ਮਿਲਣ ਤੋਂ ਕੋਰਾ ਜਵਾਬ ਹੋਇਆ।
ਮੁੱਲਾਂ-ਕਾਜ਼ੀਆਂ ਉਸ ਨੂੰ ਤੋਲ ਦਿੱਤੀ, ਇਹ ਤੇ ਚੰਗਾ ਨਹੀਂ ਜਨਾਬ ਹੋਇਆ।
ਤੌਹੀਨ ਕੀਤੀ ਪੀਰ ਨੇ ਬਾਦਸ਼ਾਹ ਦੀ, ਕ੍ਰੋਧ ਉਸ ਨੂੰ ਬੇ-ਹਿਸਾਬ ਹੋਇਆ।
ਹਰਚੰਦ ਸਿੰਘਾ ਸ਼ਾਹ ਨੂੰ ਅੱਗ ਲੱਗੀ, ਉਹ ਤੇ ਭੁੱਜ ਕੇ ਵਾਂਙ ਕਬਾਬ ਹੋਇਆ॥

### ਨੰਦ ਲਾਲ ਨੇ ਸ਼ਾਹ ਨੂੰ ਸਮਝਾਉਣਾ

1094 ਨੰਦ ਲਾਲ ਨੇ ਸਮਝ ਦੀ ਧਰ ਪੱਟੀ, ਬਹਾਦਰ ਸ਼ਾਹ ਨੂੰ ਠੰਡਾ-ਠਾਰ ਕੀਤਾ।
'ਜਹਾਂ ਪਨਾਹ" ਮਿਟੇ ਉਹ ਜਗ੍ਹ ਉਤੋਂ, ਰਾਜ ਭਾਗ ਦਾ ਜਿਨ੍ਹਾਂ ਹੰਕਾਰ ਕੀਤਾ।
ਉਨ੍ਹਾਂ ਪੀਰਾਂ ਫ਼ਕੀਰਾਂ ਤੋਂ ਖੱਟਿਆ ਏ, ਜਿਨ੍ਹਾਂ ਪਿਆਰ ਅਤੇ ਸਤਿਕਾਰ ਕੀਤਾ।
ਹਰਚੰਦ ਸਿੰਘਾ ਜੇ ਰਾਜ ਬਚਾਵਣਾ ਏ, ਪੂਰਾ ਕਰੋ ਜੋ ਕੌਲ ਇਕਰਾਰ ਕੀਤਾ॥

### ਬਹਾਦਰ ਸ਼ਾਹ ਦਾ ਗੁਰੂ ਜੀ ਨੂੰ ਮਿਲਣ ਜਾਣਾ

1095 ਹਾਰ ਖਾ ਕੇ ਬਾਦਸ਼ਾਹ ਗੁਰੂ ਜੀ ਤੋਂ, ਆਪ ਮਿਲਣ ਉਨ੍ਹਾਂ ਨੂੰ ਜਾਂਵਦਾ ਏ।
ਸਤਿਗੁਰ ਬੈਠੇ ਕੰਢੇ ਗੋਦਾਵਰੀ ਦੇ, ਕੁੱਝ ਮੰਤਰੀ ਨਾਲ ਲਿਜਾਂਵਦਾ ਏ।
ਗੁਰਾਂ ਆਦਰ ਦੇ ਨਾਲ ਬਹਾ ਲਿਆ, ਮੁੱਖੋਂ ਹਸਦਾ ਦਿਲੋਂ ਸ਼ਰਮਾਵਦਾ ਏ।
ਹਰਚੰਦ ਸਿੰਘਾ ਕੀਮਤੀ ਇਕ ਹੀਰਾ, ਸਤਿਗੁਰਾਂ ਦੀ ਭੇਂਟ ਚੜ੍ਹਾਂਵਦਾ ਏ॥

### ਕਲਗੀਆਂ ਵਾਲੇ ਨੇ ਕੀਮਤੀ ਹੀਰਾ ਗੋਦਾਵਰੀ ਵਿਚ ਸੁੱਟ ਦੇਣਾ

1096 ਸਤਿਗੁਰਾਂ ਨੇ ਕੀਮਤੀ ਚੁੱਕ ਹੀਰਾ, ਵਗਾਹ ਗੋਦਾਵਰੀ ਦਿੱਤਾ ਸੀ ਮਾਰ ਮੀਆਂ।
ਸਾਨੂੰ ਲੋੜ ਹੈ ਸਾਡੇ ਮੁਜ਼ਰਮਾਂ ਦੀ, ਸਾਨੂੰ ਹੀਰਿਆਂ ਨਾਲ ਨਾ ਸਾਰ ਮੀਆਂ।
ਰਾਜ ਲੈ ਕੇ ਬੇਈਮਾਨ ਹੋਇਓਂ, ਪੂਰੇ ਕੀਤੇ ਨਾ ਕੌਲ ਇਕਰਾਰ ਮੀਆਂ।
ਹਰਚੰਦ ਸਿੰਘਾ ਤੇਰੀ ਹੁਣ ਲੋੜ ਨਹੀਂ, ਕਰੂ ਫੈਸਲੇ ਸਤਿ ਕਰਤਾਰ ਮੀਆਂ॥

### ਬਹਾਦਰ ਸ਼ਾਹ

1097 ਹੀਰਾ ਚਾਕੇ ਨਦੀ ਵਿਚ ਸੁੱਟ ਦਿੱਤਾ, ਕੀਤੀ ਪੀਰਾਂ ਵਾਲੀ ਕਾਰ ਨਾ ਹੀ।
ਆਪ ਲਈ ਲਿਆਂਦਾ ਭਾਲ ਕੇ ਮੈਂ, ਤੈਨੂੰ ਇਸ ਦੇ ਮੁੱਲ ਦੀ ਸਾਰ ਨਾ ਹੀ।
ਇਸ ਨਾਲ ਦਾ ਜੱਗ ਤੇ ਹੋਰ ਹੈ ਨਾ, ਇਸ ਪਾਰ ਤੇ ਉਸ ਪਾਰ ਨਾ ਹੀ।
ਕਹਿੰਦੇ ਗੁਰੂ ਜੀ ਸਾਨੂੰ ਹਰਚੰਦ ਸਿੰਘਾ, ਇਨ੍ਹਾਂ ਪੱਥਰਾਂ ਨਾਲ ਪਿਆਰ ਨਾ ਹੀ॥

*(ਬਾਕੀ ਅਗਲ ਅੰਕ ਵਿਚ)*

49 YEARS OF EXCELLENCE 1973 THE LINK GROUP 2021
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।




Shaw FLOORS
Ansonylon
STAINMASTER CARPET
ClearTouch

from $1.98 SF
**Berber**
Installed

**Textured Saxony**
Installed
from $2.28 SF

**Laminate Floor**
8.3mm thick
25 years warranty
Click Do It Yourself
German technology
.99 cent

**Commercial Carpet**
Starts From .78 cent

**Berber**
Starts From .78 cent

**Area Rug (5x8)**
Starts From $68

ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ

Where The Builders Buy!

NEW HOME SPECIALISTS

**NOBODY KNOWS FLOORING LIKE DREAM CARPETS**

**SERVING WESTERN CANADA FOR OVER 38 YEARS**


Ashok

**VANCOUVER**
815 Terminal Ave.
604-687-5888
Monday to Saturday
9:00-5:30
Sunday 11:00-5:00


Perry

**SURREY / DELTA**
8385 - 120th Street
604-572-8788
Monday to Saturday
9:00-5:30
Sunday Closed


Butch

**RICHMOND**
12180 Bridgeport Rd.
604-273-7888
Monday to Saturday
9:00-5:30
Sunday 11:00-5:00



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਜੱਟ ਸਿੱਖ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ, ਉਮਰ 38, ਕੱਦ 5'8". ਥੋੜ੍ਹੀ ਜਿਹੀ ਡਿਸਪੈਰਿਟੀ, ਦੇਖਣ ਨੂੰ ਨਾਰਮਲ ਲੜਕੇ ਲਈ ਕੈਨੇਡੀਅਨ ਸਿਟੀਜ਼ਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਡਿਸਪੈਰਿਟੀ ਵਾਲੀ ਲੜਕੀ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 778-760-3981, Email: kashkaur59@gmail.com

may 07

◆◆◆◆◆◆◆◆◆◆◆◆◆◆

ਕੈਨੇਡੀਅਨ ਜੰਮਪਲ ਜੱਟ ਸਿੱਖ, ਬਹੁਤ ਹੀ ਸਾਊ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ ਲੜਕਾ, ਉਮਰ 37, ਕੱਦ 5'9" ਲਈ ਕੈਨੇਡੀਅਨ ਸਿਟੀਜ਼ਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ਬਿਨਾਂ (ਬਿਨਾਂ ਬੱਚੇ ਤੋਂ ) ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 604-901-9044

may 07

◆◆◆◆◆◆◆◆◆◆◆◆◆◆

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 30 ਸਾਲ, ਕੱਦ 5'9", ਕਲੀਨ ਸ਼ੇਵ, ਲੜਕੇ ਦਾ ਆਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ-604-710-7593

ap23

◆◆◆◆◆◆◆◆◆◆◆◆◆◆

ਲੁਧਿਆਣੇ ਨਾਲ ਸਬੰਧਤ ਕੈਨੇਡਾ ਵਿਚ ਰਹਿ ਰਹੇ 30 ਸਾਲਾ, ਕੱਦ 5'8" ਰਾਮਗੜ੍ਹੀਆ ਧਨੀ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਭਾਰਤ ਵਿਚ ਵੈੱਲ ਸੈਟਲਡ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ- 8427795577 (ਵਟਸ ਐਪ), ਕਾਲ: 7788896191//2363308884

mar 12

## MATRIMONIALS

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

◆◆◆◆◆◆◆◆◆◆◆◆◆◆

ਜੱਟ ਸਿੱਖ ਪਰਿਵਾਰ ਆਪਣੀ ਲੜਕੀ ਉਮਰ 25 ਸਾਲ, ਕੱਦ 5'4", ਸੋਹਣੀ ਸੁਨੱਖੀ , ਐੱਮ.ਬੀ.ਬੀ.ਐੱਸ. (MBBS) ਲਈ ਲੜਕੇ ਦੀ ਤਲਾਸ਼ ਕਰ ਰਹੇ ਹਨ। ਲੜਕਾ ਡਾਕਟਰ ਅਤੇ ਜੱਟ ਸਿੱਖ ਪਰਿਵਾਰ ਦਾ ਹੋਣਾ ਚਾਹੀਦਾ ਹੈ ਅਤੇ ਕੈਨੇਡਾ ਦਾ ਨਾਗਰਿਕ ਜਾਂ ਪੀ.ਆਰ. ਹੋਣਾ ਚਾਹੀਦਾ ਹੈ। ਲੜਕੀ ਦਾ ਪਰਿਵਾਰ ਵੈਨਕੂਵਰ ਬਹੁਤ ਮਸ਼ਹੂਰ ਅਤੇ ਵਧੀਆ ਸੈਟਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ:604-377-4085

◆◆◆◆◆◆◆◆◆◆◆◆◆◆

### ਜੀਵਨ ਸਾਥਣ ਦੀ ਲੋੜ

50+ ਸਾਲਾਂ ਕਨੇਡੀਅਨ ਸਿਟੀਜ਼ਨ ਵਿਧਵਾ ਵਿਅਕਤੀ, ਬਹੁਤ ਸੁੰਦਰ, ਅਥਲੀਟ, ਬਹੁਤ ਜਵਾਨ,ਲਈ ਪੀ ਆਰ ਜਾਂ ਕਨੇਡੀਅਨ ਸਿਟੀਜ਼ਨ ਜੀਵਨ ਸਾਥਣ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਨਵੇਂ ਇੰਮੀਗਰਾਂਟ ਵੀ ਸਪੰਰਕ ਕਰ ਸਕਦੇ ਹਨ। ਸੰਪਰਕ-604-765-8531

may 07

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿੱਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ। ਅੱਜ ਹੀ ਸੰਪਰਕ ਕਰੋ: 604-307-7008

◆◆◆◆◆◆◆◆◆◆◆◆◆◆

ਸਟੋਰ ਤੇ ਕੰਮ ਕਰਨ ਲਈ ਲੜਕੀਆ ਦੀ ਲੋੜ ਹੈ। ਵਧੀਆ ਤਨਖਾਹ ਦੀਤੀ ਜਾਵਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-339-2389

## EMPLOYMENTS

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

◆◆◆◆◆◆◆◆◆◆◆◆◆◆

### ਵਰਕਰਾਂ ਦੀ ਲੋੜ

ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।

ਅੱਜ ਹੀ ਸੰਪਰਕ ਕਰੋ:

ਸਾਹਿਬ ਸਿੰਘ : 778-863-9000

## EMPLOYMENTS

### ਡਿਲਵਰੀ ਪਰਸਨ ਦੀ ਲੋੜ


ਬਰਨਬੀ ਵਿੱਚ ਸਥਿਤ ਇੰਡੀਅਨਲਾਈਫ ਫੂਡ ਕਾਰਪੋਰੇਸ਼ਨ ਵਾਲਿਆਂ ਨੂੰ ਫੁੱਲ-ਟਾਈਮ ਡਿਲੀਵਰੀ ਵਿਅਕਤੀ ਦੀ ਜ਼ਰੂਰਤ ਹੈ। ਊਰਜਾਵਾਨ, ਮਿਹਨਤੀ, ਉਤਸ਼ਾਹੀ ਅਤੇ ਟੀਮ ਪਲੇਅਰ ਹੋਵੇ। ਕਲਾਸ 5 ਦਾ ਡਰਾਈਵਰ ਲਾਇਸੰਸ ਅਤੇ ਸਾਫ਼ ਡਰਾਈਵਿੰਗ ਦਾ ਰਿਕਾਰਡ ਹੋਣਾ ਲਾਜ਼ਮੀ। ਅੰਗਰੇਜ਼ੀ ਵਿੱਚ ਗਲਬਾਤ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਅਪਲਾਈ ਕਰਨ ਸਮੇਂ ਕ੍ਰਿਪਾ ਕਰਕੇ ਆਪਣੇ ਡਰਾਈਵਰ ਐਬਸਟਰੈਕਟ ਦੀ ਇੱਕ ਕਾਪੀ ਲਿਆਓ। ਹੋਰ ਜਾਣਕਾਰੀ ਲਈ ਸੰਪਰਕ ਕਰ:604-298-5000

ap 23

◆◆◆◆◆◆◆◆◆◆◆◆◆◆

# ਸਟਾਰ ਨਹੀਂ ਖੁਦ ਨੂੰ ਇਕ ਆਮ ਕੁੜੀ ਮੰਨਦੀ ਹਾਂ-ਸਾਰਾ ਅਲੀ ਖਾਨ

ਸਾਰਾ ਅਲੀ ਖਾਨ ਪਿਛਲੀ ਵਾਰ ਫਿਲਮ 'ਅਤਰੰਗੀ ਰੇ' ਵਿੱਚ ਨਜ਼ਰ ਆਈ। ਖੂਬਸੂਰਤੀ ਅਤੇ ਪ੍ਰਤਿਭਾ ਦੀ ਧਨੀ ਸਾਰਾ ਅਲੀ



ਹਸਮੁਖ ਅਤੇ ਜ਼ਿੰਦਾਦਿਲ ਹੋਣ ਦੇ ਨਾਲ ਗਾਲੜੀ ਵੀ ਹੈ। ਉਸ ਦੀ ਝੋਲੀ ਵਿੱਚ ਇਸ ਸਮੇਂ ਕਈ ਵੱਡੀਆਂ ਫਿਲਮਾਂ ਹਨ। ਇਸ ਵਿੱਚ ਨਿਰਦੇਸ਼ਕ ਲਛਮਣ ਉਤੇਕਰ ਦੀ ਅਗਲੀ ਫਿਲਮ 'ਗੈਸਲਾਈਟ' ਵੀ ਹੈ। ਉਸ ਨੂੰ ਆਪਣੀਆਂ ਅਗਲੀਆਂ ਫਿਲਮਾਂ ਤੋਂ ਕਾਫੀ ਉਮੀਦਾਂ ਹਨ, ਕਿਉਂਕਿ ਵੱਖ-ਵੱਖ ਕਿਰਦਾਰ ਨਿਭਾਉਣ ਦੇ ਉਸ ਨੂੰ ਇਨ੍ਹਾਂ ਵਿੱਚ ਮੌਕੇ ਮਿਲ ਰਹੇ ਹਨ। ਪੇਸ਼ ਹਨ ਸਾਰਾ ਅਲੀ ਖਾਨ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

**• ਆਪਣੇ ਚਾਰ ਸਾਲ ਦੇ ਕਰੀਅਰ ਵਿੱਚ ਤੁਸੀਂ ਖੁਦ ਵਿੱਚ ਕੀ ਤਬਦੀਲੀ ਦੇਖਦੇ ਹੋ ?**

-ਆਪਣੀ ਪਹਿਲੀ ਫਿਲਮ 'ਕੇਦਾਰਨਾਥ' ਤੋਂ ਮੈਂ ਬਹੁਤ ਇਮਾਨਦਾਰੀ, ਸ਼ਿੱਦਤ ਅਤੇ ਇੱਛਾ ਨਾਲ ਕੰਮ ਕਰ ਰਹੀ ਹਾਂ। ਉਹ ਜਜ਼ਬਾ ਅੱਜ ਚਾਰ ਸਾਲਾਂ ਬਾਅਦ ਵੀ ਹੈ ਅਤੇ ਹਮੇਸ਼ਾ ਕਾਇਮ ਰਹੇਗਾ। ਉਮਰ ਦੇ ਨਾਲ ਜਿਵੇਂ ਜਿਵੇਂ ਮੈਂ ਕਰੀਅਰ ਵਿੱਚ ਅੱਗੇ ਵਧ ਰਹੀ ਹਾਂ, ਖੁਦ ਵਿੱਚ ਸੰਤੁਲਨ ਲਿਆਉਣ ਦੀ ਬਹੁਤ ਕੋਸ਼ਿਸ਼ ਕਰ ਰਹੀ ਹਾਂ।

**• ਸਟਾਰਡਮ ਨੂੰ ਤੁਸੀਂ ਕਿਸ ਤਰ੍ਹਾਂ ਲੈਂਦੇ ਹੋ ?**

- ਮੈਂ ਬਚਪਨ ਤੋਂ ਸਟਾਰਡਮ ਦੇਖਿਆ ਹੈ। ਮੇਰੀ ਦਾਦੀ ਸ਼ਰਮੀਲਾ ਟੈਗੋਰ ਦੇਸ਼ ਦੀ ਮਸ਼ਹੂਰ ਸਟਾਰ ਅਭਿਨੇਤਰੀ ਹੈ। ਮੇਰੀ ਮਾਂ ਅੰਮ੍ਰਿਤਾ ਸਿੰਘ ਸਟਾਰ ਰਹਿ ਚੁੱਕੇ ਹਨ ਅਤੇ ਡੈਡ ਸੈਫ ਅਲੀ ਖਾਨ ਵੀ ਸਟਾਰ ਹਨ। ਸੱਚ ਤਾਂ ਇਹ ਹੈ ਕਿ ਮੈਂ ਖੁਦ ਦੇ ਸਟਾਰਡਮ ਨੂੰ ਕਦੇ ਮਹਿਸੂਸ ਨਹੀਂ ਕੀਤਾ ਅਤੇ ਨਾ ਮੈਨੂੰ ਕਦੇ ਇਝ ਮਹਿਸੂਸ ਹੋਇਆ ਕਿ ਮੇਰੇ ਵਿੱਚ ਸਟਾਰਡਮ ਹੈ। ਮੈਂ ਖੁਦ ਨੂੰ ਆਮ ਔਰਤ ਮੰਨਦੀ ਹਾਂ।

**• ਕੀ ਸਫਲਤਾ ਅਤੇ ਅਸਫਲਤਾ ਦੇ ਚਲਦਿਆਂ ਇੰਡਸਟਰੀ ਦੇ ਮਾਪਦੰਡ ਬਦਲ ਜਾਂਦੇ ਹਨ ?**

- ਸਿਰਫ ਫਿਲਮ ਇੰਡਸਟਰੀ ਨਹੀਂ, ਸਫਲਤਾ-ਅਸਫਲਤਾ ਦੀ ਖੇਡ ਹਰ ਖੇਤਰ ਵਿੱਚ ਹੈ। ਮੇਰੀ ਫਿਲਮ 'ਕੇਦਾਰਨਾਥ' ਦੀ ਰਿਲੀਜ਼ ਤੋਂ ਪਹਿਲਾਂ ਜੋ ਮੇਕਰਸ ਮੈਨੂੰ ਅਜ਼ਮਾ ਰਹੇ ਸਨ, ਫਿਲਮ ਦੀ ਸਫਲਤਾ ਪਿੱਛੋਂ ਉਨ੍ਹਾਂ ਦਾ ਮੇਰੇ ਪ੍ਰਤੀ ਨਜ਼ਰੀਆ ਬਦਲ ਗਿਆ ਹੈ।

**• ਦਾਦੀ, ਮੰਮੀ-ਡੈਡੀ ਤੋਂ ਤੁਸੀਂ ਸਕਸੈਸ ਨੂੰ ਕਿਸ ਤਰ੍ਹਾਂ ਸਵੀਕਾਰਨਾ ਸਿੱਖਿਆ ?**

- ਇਹ ਸਭ ਮੈਨੂੰ ਡੈਡੀ, ਮੰਮੀ ਨੇ ਸਿਖਾਇਆ। ਜੇ ਤੁਹਾਡੀ ਫਿਲਮ ਫਲਾਪ ਹੁੰਦੀ ਹੈ ਤਾਂ ਅੱਖਾਂ ਤੋਂ ਹੰਝੂ ਵਹਾਓ ਅਤੇ ਫਿਲਮ ਹਿੱਟ ਹੋ ਜਾਏ ਤਾਂ ਬਦਲਣਾ ਨਹੀਂ। ਉਂਝ ਹੀ ਰਹੋ ਜਿਵੇਂ ਹਮੇਸ਼ਾ ਸੀ, ਇਹੀ ਸਿੱਖਿਆ ਮੈਨੂੰ ਮੰਮੀ ਤੋਂ ਮਿਲਦੀ ਰਹੀ ਹੈ। ਦਾਦੀ ਦਾ ਕਹਿਣਾ ਹੈ, "ਐਕਟਿੰਗ ਦੀ ਅੱਗ ਕਾਇਮ ਰੱਖਣਾ, ਕਦੇ ਕਿਸੇ ਫਿਲਮ ਦੀ ਐਕਟਿੰਗ ਨਾਨ-ਸੀਰੀਅਸ ਹੋ ਕੇ ਨਹੀਂ ਕਰਨਾ।" ਡੈਡ ਕਹਿੰਦੇ ਹਨ, "ਸਾਰਾ, ਧਿਆਨ ਰੱਖੋ ਕਿ ਲੋਕਾਂ ਨੂੰ ਕੀ ਚੰਗਾ ਲੱਗਦਾ ਹੈ ਅਤੇ ਇਹ ਨਹੀਂ ਭੁੱਲਣਾ ਕਿ ਉਨ੍ਹਾਂ ਨੂੰ ਕੀ ਚੰਗਾ ਨਹੀਂ ਲੱਗਦਾ।' ਮੇਰੇ ਡੈਡ ਨੇ 17 ਫਿਲਮਾਂ ਫਲਾਪ ਦਿੱਤੀਆਂ ਅਤੇ 18ਵੀਂ ਫਿਲਮ ਦੀ ਸਫਲਤਾ ਤੋਂ ਉਨ੍ਹਾਂ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਇਹ ਸਾਰੇ ਸਬਕ ਅਤੇ ਅਨੁਭਵ ਹਨ, ਜੋ ਮੈਂ ਦੇਖੇ ਅਤੇ ਮਹਿਸੂਸ ਕੀਤੇ ਹਨ।

**• ਕਿਹੜੀ ਕਿਹੜੀ ਭਾਸ਼ਾਵਾਂ ਵਿੱਚ ਕੰਮ ਕਰਨਾ ਚਾਹੁੰਦੇ ਹੋ ?**

- ਮੈਂ ਹਰ ਭਾਸ਼ਾ ਵਿੱਚ ਕੰਮ ਕਰਨਾ ਚਾਹੁੰਦੀ ਹਾਂ। ਮੈਂ ਦੱਖਣ ਭਾਰਤੀ, ਪੰਜਾਬੀ ਅਤੇ ਬੰਗਾਲੀ ਫਿਲਮਾਂ ਵਿੱਚ ਕੰਮ ਕਰਨਾ ਚਾਹੁੰਦੀ ਹਾਂ। ਬੇਸ਼ੱਕ, ਮੈਂ ਭਾਰਤੀ ਹਾਂ ਤੇ ਸਾਡੇ ਦੇਸ਼ ਦੇ ਕਿਸੇ ਵੀ ਖੇਤਰ ਵਿੱਚ ਕੋਈ ਵੀ ਫਿਲਮ ਕਰਨਾ ਚਾਹੁੰਦੀ ਹਾਂ। ਮੈਂ ਆਪਣੀ ਖੁਦ ਦੀ ਪਛਾਣ ਬਣਾਉਣਾ ਚਾਹੁੰਦੀ ਹਾਂ, ਪਰ ਪਹਿਲਾਂ ਫਿਲਮਾਂ ਵਿੱਚ। ਇਸ ਵਿੱਚ, ਜੇ ਮੈਨੂੰ ਸਾਡੇ ਦੇਸ਼ ਦੇ ਕਿਸੇ ਵੀ ਖੇਤਰ ਵਿੱਚ ਫਿਲਮਾਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ, ਤਾਂ ਮੈਂ ਇਸ ਨੂੰ ਖੁਸ਼ੀ ਨਾਲ ਕਰਾਂਗੀ। ਮੈਨੂੰ ਅੱਜ ਤੱਕ ਦੱਖਣ ਤੋਂ ਕੋਈ ਆਫਰ ਨਹੀਂ ਮਿਲਿਆ।


NORTHCOAST LUMBER 1

CALL THE TRUE CONTRACTORS YARD TODAY

604-597-8884

*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks




14682 - 66th Ave, Surrey, BC, V3S 1Z9
Fax: 604-597-0854
www.lumber1.ca/contractor



ਸ਼ੋਰ ਸਾਈਡ ਫਿਸ਼ ਕੈਨਰੀ



ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

# ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਭਾਰਤ ਦੌਰੇ ਤੇ ਪੁੱਜੇ





ਨਵੀਂ ਦਿੱਲੀ-ਬਰਤਾਨਵੀ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਭਾਰਤ ਦੀ ਦੋ ਰੋਜ਼ਾ ਫੇਰੀ ਤਹਿਤ ਗੁਜਰਾਤ ਪੁੱਜੇ। ਅਹਿਮਦਾਬਾਦ ਹਵਾਈ ਅੱਡੇ ਤੋਂ ਸ਼ਹਿਰ ਦੇ ਹੋਟਲ ਤੱਕ ਚਾਰ ਕਿਲੋਮੀਟਰ ਦੇ ਰਸਤੇ 'ਤੇ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਹਵਾਈ ਅੱਡੇ 'ਤੇ ਗੁਜਰਾਤ ਦੇ ਮੁੱਖ ਮੰਤਰੀ ਭੂਪਿੰਦਰ ਪਟੇਲ ਅਤੇ ਰਾਜਪਾਲ ਅਚਾਰੀਆ ਦੇਵਵ੍ਰਤ ਨੇ ਸਵਾਗਤ ਕੀਤਾ। ਇਸ ਮੌਕੇ ਸੂਬੇ ਦੇ ਸੀਨੀਅਰ ਅਧਿਕਾਰੀ ਅਤੇ ਮੰਤਰੀ ਵੀ ਮੌਜੂਦ ਸਨ। ਜੌਹਨਸਨ ਨੇ ਬਰਤਾਨਵੀ ਫਰਮ ਵੱਲੋਂ ਹਲੋਲ ਵਿੱਚ ਖੋਲ੍ਹੀ ਗਈ ਨਵੀਂ ਜੇਸੀਬੀ ਫੈਕਟਰੀ ਦਾ ਉਦਘਾਟਨ ਕੀਤਾ। ਉਹ ਯੂਨੀਵਰਸਿਟੀ ਆਫ ਐਡਿਨਬਰਗ ਦੇ ਸਹਿਯੋਗ ਨਾਲ ਕੰਮ ਕਰ ਰਹੀ ਬਾਇਓਟੈਕਨਾਲੋਜੀ ਯੂਨੀਵਰਸਿਟੀ ਵੀ ਗਏ। ਜੌਹਨਸਨ ਭਲਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਣਗੇ ਤੇ ਇਸ ਦੌਰਾਨ ਦੋਵੇਂ ਮੁਲਕ ਰੱਖਿਆ, ਸਾਫ਼ ਤੇ ਨਵਿਆਉਣਯੋਗ ਊਰਜਾ, ਵਾਤਾਵਰਨ, ਸਾਫਟਵੇਅਰ ਇੰਜਨੀਅਰਿੰਗ, ਸਿਹਤ ਤੇ ਹੋਰ ਕਈ ਅਹਿਮ ਖੇਤਰਾਂ ਵਿੱਚ ਦੁਵੱਲੇ ਵਪਾਰਕ ਸਮਝੌਤਿਆਂ ਨੂੰ ਸਹੀਬੰਦ ਕਰਨਗੇ। ਇਸ ਮੁਲਾਕਾਤ ਦੌਰਾਨ ਭਾਰਤ-ਯੂਕੇ ਮੁਕਤ ਵਪਾਰ ਸਮਝੌਤੇ ਤੇ ਯੂਕਰੇਨ ਸੰਕਟ 'ਤੇ ਵੀ ਚਰਚਾ ਹੋਣ ਦੀ ਸੰਭਾਵਨਾ ਹੈ। ਯੂਕੇ ਹਾਈ ਕਮਿਸ਼ਨ ਨੇ ਕਿਹਾ ਕਿ ਯੂਕੇ-ਭਾਰਤ ਦੁਵੱਲੇ ਕਰਾਰ ਤਹਿਤ ਇਕ ਅਰਬ ਪੌਂਡ ਤੋਂ ਵੱਧ ਦਾ ਨਿਵੇਸ਼ ਹੋਵੇਗਾ।ਇਸ ਤੋਂ ਪਹਿਲਾਂ ਹਾਈ ਕਮਿਸ਼ਨ ਨੇ ਜੌਹਨਸਨ ਦੇ ਹਵਾਲੇ ਨਾਲ ਕਿਹਾ, "ਮੈਂ ਭਾਰਤ ਪੁੱਜ ਗਿਆ ਹਾਂ। ਮੈਂ ਕਈ ਸੰਭਾਵਨਾਵਾਂ ਵੇਖ ਸਕਦਾ ਹਾਂ, ਜਿਸ ਨੂੰ ਸਾਡੇ ਦੋਵੇਂ ਮਹਾਨ ਮੁਲਕ ਮਿਲ ਕੇ ਹਾਸਲ ਕਰ ਸਕਦੇ ਹਨ। ਨੈਕਸਟ-ਜੈਨਰੇਸ਼ਨ 5ਜੀ ਟੈਲੀਕਾਮ ਤੇ ਆਰਟੀਫਿਸ਼ਲ ਇੰਟੈਲੀਜੈਂਸ ਤੋਂ ਸਿਹਤ ਖੋਜ ਤੇ ਨਵਿਆਉਣਯੋਗ ਊਰਜਾ ਵਿੱਚ ਨਵੀਂ ਭਾਈਵਾਲੀ ਹੋਵੇ- ਯੂਕੇ ਤੇ ਭਾਰਤ ਕੁੱਲ ਆਲਮ ਦੀ ਅਗਵਾਈ ਕਰ ਰਹੇ ਹਨ।" ਬਰਤਾਨਵੀ ਪ੍ਰਧਾਨ ਮੰਤਰੀ ਨੇ ਕਿਹਾ, "ਸਾਡੀ ਮਜ਼ਬੂਤ ਭਾਈਵਾਲੀ ਸਾਡੇ ਲੋਕਾਂ ਲਈ ਰੁਜ਼ਗਾਰ ਅਤੇ ਅੱਗੇ ਵਧਣ ਦੇ ਮੌਕੇ ਪੈਦਾ ਕਰ ਰਹੀ ਹੈ ਤੇ ਆਉਂਦੇ ਸਾਲਾਂ ਵਿੱਚ ਇਸ ਭਾਈਵਾਲੀ ਨੇ ਹੋਰ ਮਜ਼ਬੂਤ ਹੋਣਾ ਹੈ।" ਜੌਹਨਸਨ ਸ਼ੁੱਕਰਵਾਰ ਨੂੰ ਨਵੀਂ ਦਿੱਲੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਣਗੇ।

**AMA CONCRETE**
Commercial & Residential
- Placing Pumping & Finishing
- Foundation Floors
- Smooth Finishing
- Exposed Broom Finishing
- Stamped Concrete

ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜ਼ਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

## ਸੁਨੀਲ ਜਾਖੜ ਨੇ ਕਾਸ਼ੀ ਜਾਕੇ ਦਲਿਤ ਭਾਈਚਾਰੇ ਤੋਂ ਮੁਆਫੀ ਮੰਗੀ



ਚੰਡੀਗੜ੍ਹ-ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਦਲਿਤ ਭਾਈਚਾਰੇ ਦੇ ਰੋਸ ਨੂੰ ਠੰਢਾ ਕਰਨ ਲਈ ਕਾਸ਼ੀ (ਬਨਾਰਸ) ਵਿੱਚ ਜਾ ਕੇ ਮੁਆਫ਼ੀ ਮੰਗ ਲਈ ਹੈ। ਸੁਨੀਲ ਜਾਖੜ ਨੇ ਗੁਰਦੁਆਰਾ ਸ਼੍ਰੋਮਣੀ ਭਗਤ ਰਵਿਦਾਸ ਜੀ, ਕਾਸ਼ੀ ਵਿਖੇ ਮੱਥਾ ਟੇਕਿਆ ਅਤੇ ਭਾਈਚਾਰੇ ਤੋਂ ਆਪਣੀ ਭੁੱਲ ਬਖ਼ਸ਼ਾਈ। ਜ਼ਿਕਰਯੋਗ ਹੈ ਕਿ ਲੰਘੇ ਕੁੱਝ ਦਿਨਾਂ ਤੋਂ ਪੰਜਾਬ ਦੀ ਸਿਆਸਤ ਵਿੱਚ ਇਹ ਵਿਵਾਦ ਉੱਠਿਆ ਹੋਇਆ ਸੀ ਕਿ ਸੁਨੀਲ ਜਾਖੜ ਨੇ ਦਲਿਤ ਭਾਈਚਾਰੇ ਖ਼ਿਲਾਫ਼ ਅਸਿੱਧੇ ਤਰੀਕੇ ਨਾਲ ਟਿੱਪਣੀਆਂ ਕੀਤੀਆਂ ਹਨ। ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਤੋਂ ਇਲਾਵਾ ਸਾਬਕਾ ਮੰਤਰੀ ਰਾਜ ਕੁਮਾਰ ਵੇਰਕਾ ਨੇ ਵੀ ਇਸ ਮੁੱਦੇ ਨੂੰ ਉਠਾਇਆ ਸੀ। ਦਲਿਤ ਭਾਈਚਾਰੇ ਵੱਲੋਂ ਸੁਨੀਲ ਜਾਖੜ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਗਈ ਸੀ। ਕੌਮੀ ਅਨੁਸੂਚਿਤ ਜਾਤੀ/ਜਨ-ਜਾਤੀ ਕਮਿਸ਼ਨ ਨੇ ਵੀ ਇਸ ਮਾਮਲੇ ਵਿੱਚ ਦਖ਼ਲ ਦਿੱਤਾ ਸੀ। ਸਾਬਕਾ ਪ੍ਰਧਾਨ ਸੁਨੀਲ ਜਾਖੜ ਬੀਤੇ ਦਿਨ ਬਨਾਰਸ ਗਏ ਸਨ ਅਤੇ ਮੁਆਫ਼ੀ ਮੰਗਣ ਮਗਰੋਂ ਪੰਜਾਬ ਪਰਤ ਆਏ। ਉਨ੍ਹਾਂ ਕਾਸ਼ੀ ਵਿੱਚ ਮੰਗੀ ਮੁਆਫ਼ੀ ਦੀ ਵੀਡੀਓ ਵੀ ਜਨਤਕ ਕੀਤੀ ਹੈ। ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਕਾਸ਼ੀ ਦੇ ਗੁਰੂ ਘਰ ਵਿੱਚ ਕਿਹਾ ਕਿ ਉਹ ਸਾਰੀ ਉਮਰ ਗਰੀਬਾਂ ਅਤੇ ਪਿਛੜੇ ਵਰਗ ਦੇ ਲੋਕਾਂ ਲਈ ਕੰਮ ਕਰਦੇ ਰਹੇ ਹਨ ਅਤੇ ਖ਼ਾਸ ਕਰ ਕੇ ਐੱਸਸੀ ਭਾਈਚਾਰੇ ਦੀ ਭਲਾਈ ਲਈ ਉਨ੍ਹਾਂ ਨੇ ਬਹੁਤ ਕੰਮ ਕੀਤਾ ਹੈ। ਉਹ ਕਦੇ ਵੀ ਕਿਸੇ ਭਾਈਚਾਰੇ ਜਾਂ ਵਿਅਕਤੀ ਬਾਰੇ ਕਿਸੇ ਮਾੜੀ ਭਾਵਨਾ ਨਾਲ ਸੋਚ ਵੀ ਨਹੀਂ ਸਕਦੇ, ਜੇਕਰ ਫਿਰ ਵੀ ਕਿਸੇ ਦੇ ਮਨ ਨੂੰ ਠੇਸ ਪੁੱਜੀ ਹੈ ਤਾਂ ਉਹ ਖਿਮਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਉਹ ਅੱਗੇ ਵੀ ਲੋੜਵੰਦਾਂ ਦੀ ਸੇਵਾ ਅਤੇ ਮਦਦ ਕਰਦੇ ਰਹਿਣਗੇ।

**HOMELAND MORTGAGE CORP.**
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

ਰੀਅਲ ਐਸਟੇਟ ਅਤੇ ਮੌਰਟਗੇਜ ਬਰੋਕਰ
ਪੜ੍ਹਾਈ ਦੀ ਅਪ-ਟੂ-ਡੇਟ ਸਮਗਰੀ ਦੇ ਨਾਲ ਕੋਰਸ
ਸਿਰਫ 4 ਹਫਤਿਆਂ ਵਿਚ
ਆਪਣੀ ਸਹੂਲਤ ਅਨੁਸਾਰ ਸਵੇਰ ਜਾਂ ਸ਼ਾਮ ਦੇ ਗਰੁੱਪ/ਕਲਾਸਾਂ ਵਿੱਚ ਸਿੱਖੋ। ਪਾਸ ਹੋਣ ਲਈ ਰੋਜਾਨਾ ਦੇ ਸੈਂਪਲ ਟੈਸਟ ਦਾ ਫਾਈਦਾ ਲਵੋ।



ਫੀਸ
$649
ਸਵੇਰ ਅਤੇ ਸ਼ਾਮ ਦੀਆਂ ਕਲਾਸਾਂ
ਸੋਮਵਾਰ ਤੋਂ ਸ਼ੁੱਕਰਵਾਰ ਤੱਕ
ਹੋਰ ਜਾਣਕਾਰੀ ਲਈ ਦੀਪ ਨੂੰ ਫੋਨ ਕਰੋ
SURE SHOT LEARNING CENTER
ਸ਼ਿਓਰ-ਸ਼ੋਟ ਲਰਨਿੰਗ ਸੈਂਟਰ
604.446.2817
#102 9360 120 ਸਟਰੀਟ, ਸਰੀ

## ਅਸੀਂ ਕੰਨਟੇਨਰ ਵੇਚਦੇ ਅਤੇ ਲੀਜ਼ 'ਤੇ ਦਿੰਦੇ ਹਾਂ।

We're a Canadian operated company that sells and lease shipping Bulk containers, reefer containers across Canada and United States

**ਸਾਡੇ ਕੋਲ 200 ਕੰਨਟੇਨਰ ਲੌਸ ਏਂਜਲਜ਼ (ਅਮਰੀਕਾ) ਵਿਖੇ ਉਪਲੱਬਧ ਹਨ ਕੀਮਤ 21 ਹਜ਼ਾਰ US ਡਾਲਰ**

We have 200 container in Los Angeles, Price : $21000 US

## ONE TRIP CONTAINER







40 ft one trip well insulated cooler
200 available
instant for California Produce to Canada on rail




1. GENERAL DESCRIPTION
This specification covers an extendable tridem-axle container chassis, used to carry one domestic container 40', 45', 48' or 53' long, with a gross weight of up to 90,000 lbs.
The chassis meets all DOT, TOFC, AAR standards, C(F)MVSS, ANSI, SAE, and TTMA requirements and standards in effect at time of manufacture and applicable operations.








We Supplies aluminum Body like FedEx Canadian Grants available on electrical vehicle Load Capacity on dual chases 18 Feet with kick box 4 feet& Side door if need it can carries 6000 lb GVW 14,000lb





Aluminum Van Body Supplied on all Electric Truck
with $ 49,000 Gov. Grant Available Now
Limited Time Book Now
Lease or Purchase on OAC




**2,000 Available from September 2022**
**Capacity 90,000 lb**

**Container 53 Feet CP Rail Specs**

40-53' Extendable Tridem Container Chassis/Spring Ride
Model: CCXT 4053-3S-00

**Choose your colour on Chassis & Containers**




**ORDER RIGHT AWAY**
5 Months from date of deposit landed in Canada or US
**50% Deposit required**
**20% down lease or purchase.**

**Sam Essa (Salim Nurdin)**
akwallking@outlook.com
**604-833-0455 / 403-957-3786**

# ਸਿਨੇ ਜਗਤ ’ਚ ਸਫ਼ਲਤਾ ਪਾਣੀ ਵਿਚ ਸਾਹ ਰੋਕ ਕੇ ਰੱਖਣ ਵਰਗੀ ਹੈ-ਸੋਨੂ ਸੂਦ

ਮੁੰਬਈ-ਬੌਲੀਵੁੱਡ ਅਦਾਕਾਰ ਸੋਨੂ ਸੂਦ ਦਾ ਕਹਿਣਾ ਹੈ ਕਿ ਫਿਲਮ ਸਨਅਤ ਵਿੱਚ ਟਿਕੇ ਰਹਿਣ ਲਈ ਜਾਗਰੂਕਤਾ ਜ਼ਰੂਰੀ ਹੈ ਜੋ ਕਿਸੇ ਨੂੰ ਵਾਰ-ਵਾਰ ਨਕਾਰੇ ਜਾਣ ਮਗਰੋਂ ਆਉਂਦੀ ਹੈ। ਇਸ ਖੇਤਰ ਵਿੱਚ ਇੰਤਜ਼ਾਰ ਦੇ ਲੰਬੇ ਸਫ਼ਰ ਮਗਰੋਂ ਸਫ਼ਲਤਾ ਹਾਸਲ ਹੁੰਦੀ ਹੈ। ਪੰਜਾਬ ਦੇ ਜੰਮਪਲ 48 ਸਾਲਾ ਅਦਾਕਾਰ ਨੇ ਸਾਲ 2002 ਵਿੱਚ ਬੌਲੀਵੁੱਡ ਵਿਚ ਫਿਲਮੀ ਸਫ਼ਰ ਦੀ ਸ਼ੁਰੂਆਤ ਕੀਤੀ ਸੀ। ਉਹ ਫਿਲਮ ‘ਯੁਵਾ’, ਆਸ਼ਿਕ ਬਨਾਇਆ ਆਪ ਨੇਂ ਅਤੇ ‘ਜੋਧਾ ਅਕਬਰ’ ਨਾਲ ਚਰਚਾ ਵਿੱਚ ਆਇਆ ਸੀ। ਇਸ ਤੋਂ ਇਲਾਵਾ ਸਾਲ 2008 ਵਿੱਚ ਆਈ ਕਾਮੇਡੀ ਫਿਲਮ ‘ਸਿੰਘ ਇਜ਼ ਕਿੰਗ’, ਫਿਲਮ ‘ਦਬੰਗ’ 2010 ਅਤੇ ਸਾਲ 2014 ਵਿੱਚ ਆਈ ਸ਼ਾਹਰੁਖ ਖਾਨ ਦੀ ਫ਼ਿਲਮ ‘ਹੈਪੀ ਨਿਊ ਯੀਅਰ’ ਨੇ ਸੂਦ ਨੂੰ ਵੱਖਰੀ ਪਛਾਣ ਦਿੱਤੀ। ਅਦਾਕਾਰ ਨੇ ਸਫ਼ਲਤਾ ਦੇ ਇੰਤਜ਼ਾਰ ਦੀ ਤੁਲਨਾ ਪਾਣੀ ਵਿਚ ਸਾਹ ਰੋਕ ਕੇ ਰੱਖਣ ਨਾਲ ਕੀਤੀ। ਉਸ ਨੇ ਕਿਹਾ ਕਿ ਜਦੋਂ ਤੁਸੀਂ ਇੱਕ ਅਦਾਕਾਰ ਬਣਨ ਲਈ ਮੁੰਬਈ ਵਰਗੇ ਸ਼ਹਿਰ ਵਿੱਚ ਆਉਂਦੇ ਹੋ ਤਾਂ ਤੁਹਾਨੂੰ ਨਾਂਹ ਸੁਣਨ ਲਈ ਤਿਆਰ ਰਹਿਣਾ ਚਾਹੀਦਾ ਹੈ। ਉਸ ਨੇ ਕਿਹਾ, “ਮੈਂ ਇਸ ਦੇ ਲਈ ਇੰਤਜ਼ਾਰ ਕੀਤਾ ਹੈ। ਫਿਲਮੀ ਖੇਤਰ ਵਿੱਚ ਸਫ਼ਲਤਾ ਇਸ ਤਰ੍ਹਾਂ ਹੈ ਕਿ ਤੁਸੀਂ ਪਾਣੀ ਵਿਚ ਆਪਣਾ ਸਾਹ ਕਿੰਨਾ ਲੰਬਾ ਸਮਾਂ ਰੋਕ ਕੇ ਰੱਖ ਸਕਦੇ ਹੋ। ਮੈਂ ਇੰਨੇ ਲੰਬੇ ਸਫ਼ਰ ਦੌਰਾਨ ਆਪਣੇ ਸਾਹ ਰੋਕ ਕੇ ਰੱਖ ਹਨ। ਇਸ ਲੰਬੇ ਇੰਤਜ਼ਾਰ ਬਾਅਦ ਮੈਂ ਕਹਿ ਸਕਦਾਂ ਹਾਂ ਕਿ, ਦੇਖੋ ਮੈਂ ਇੱਥੇ ਹਾਂ।“











## ‘ਲਾਸਟ’ ਵਿੱਚ ਦਿਖਾਈ ਦੇਵੇਗੀ ਪੀਆ ਵਾਜਪਾਈ



ਫਿਲਮ ਨਿਰਮਾਤਾ ਅਨਿਰੁੱਧ ਰਾਏ ਚੌਧਰੀ ਦੀ ਅਗਲੀ ਫਿਲਮ ‘ਲਾਸਟ’ ਵਿੱਚ ਅਭਿਨੇਤਰੀ ਪੀਆ ਵਾਜਪਾਈ ਮੁੱਖ ਭੂਮਿਕਾ ਵਿੱਚ ਨਜ਼ਰ ਆਏਗੀ। ਆਪਣੇ ਕਿਰਦਾਰ ਬਾਰੇ ਪੀਆ ਨੇ ਕਿਹਾ, “ਮੈਨੂੰ ਯਕੀਨ ਹੈ ਕਿ ਕਈ ਕੁੜੀਆਂ ‘ਲਾਸਟ’ ਵਿੱਚ ਮੇਰੇ ਕਿਰਦਾਰ ਨਾਲ ਸੰਬੰਧਤ ਹੋਣਗੀਆਂ। ਜਦੋਂ ਮੈਂ ਸਟੋਰੀ ਪੜ੍ਹੀ, ਓਦੋਂ ਹੀ ਹਾਂ ਕਰ ਦਿੱਤੀ। ਇਹ ਮੇਰੇ ਲਈ ਇੱਕ ਚੁਣੌਤੀਪੂਰਨ ਕਿਰਦਾਰ ਸੀ, ਪਰ ਮੇਰੇ ਉੱਤੇ ਭਰੋਸਾ ਕਰਨ ਲਈ ਮੈਂ ਅਨਿਰੁੱਧ ਰਾਏ ਚੌਧਰੀ ਦੀ ਧੰਨਵਾਦੀ ਹਾਂ। ਅਨਿਰੁੱਧ ਰਾਏ ਚੌਧਰੀ ਨਾਲ ਕੰਮ ਕਰਨਾ ਮੇਰੇ ਲਈ ਸੁਫਨਾ ਸੱਚ ਹੋਣ ਵਾਂਗ ਹੋਵੇਗਾ। ਮੈਂ ਉਨ੍ਹਾਂ ਤੋਂ ਸ਼ੂਟਿੰਗ ਮੌਕੇ ਬਹੁਤ ਕੁਝ ਸਿੱਖਿਆ। ਉਨ੍ਹਾਂ ਨੇ ਜ਼ਿੰਦਗੀ ਵਿੱਚ ਤਿੰਨ ਵਾਰ ਰਾਸ਼ਟਰੀ ਐਵਾਰਡ ਜਿੱਤਿਆ ਹੈ। ਫਿਲਮ ਵਿੱਚ ਯਾਮੀ ਗੌਤਮ, ਪੰਕਜ ਕਪੂਰ, ਰਾਹੁਲ ਖੰਨਾ, ਨੀਲ ਭੂਪਾਲਮ ਅਤੇ ਤ੍ਰਿਸ਼ਾ ਪਾਂਡੇ ਵੀ ਅਹਿਮ ਭੂਮਿਕਾ ਨਿਭਾਉਣਗੇ। ਫਿਲਮ ਦਾ ਨਿਰਮਾਣ ਜੀ ਸਟੂਡੀਓਜ਼, ਸ਼ਰੀਨ ਮੰਤਰੀ ਕੇਡੀਆ, ਕਿਸ਼ੋਰ ਅਰੋੜਾ, ਸੈਮ ਫਰਨਾਂਡੀਜ਼ ਅਤੇ ਇੰਦਰਾਣੀ ਮੁਖਰਜੀ ਨੇ ਕੀਤਾ ਹੈ।




Gold key
INSURANCE

Number 1 in the
Community for 25 Years.

Explore
Your
Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

TEL : 604 502 0441

ICBC Online and Delivery available.

ਪੰਜਾਬੀ
हिंदी

SURREY
(604) 502 - 0441
FAX (604) 502-0417

5-8430 128TH ST.
SURREY, BC
V3W 4G3

MON-FRI 8 AM - 8 PM
SATURDAY 9 AM - 6 PM
SUNDAY 9 AM - 5 PM

VANCOUVER
(604) 325 - 1241
FAX (604) 325-1414

4038 KNIGHT ST.
VANCOUVER, BC
V5N 5Y7

MON-FRI 9 AM - 8 PM
SATURDAY 9 AM - 5 PM
SUNDAY 9 AM - 5 PM

ICBC autoplan

OPEN 7 DAYS

www.goldkeyinsurance.ca

Rajan MANGOES
AVAILABLE ONLY AT
fruiticana
SINCE 1994



fruiticana hee jaana!



# LOWEST PRICES IN TOWN

Extra Extra Super Special

Rajan MANGOES
(Haden) 4 kg
ਰਾਜਨ ਹੇਡਨ ਅੰਬ
$12.99 BOX
*Number of pieces depends on the weight

Extra Super Super Special
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$2.98 ea.

Super Special
Roma Tomatoes
ਰੋਮਾ ਟਮਾਟਰ
98¢ lb

Super Special
Yellow Onions 50 lbs
ਪੀਲੇ ਗੰਢੇ
$16.99 bag

Super Special
Red Delicious Apples USA #1
ਲਾਲ ਸਵਾਦ ਸੇਬ ਯੂ.ਐਸ.ਏ #੧
89¢ lb

Super Special
Almonds Supreme #1
ਬਦਾਮ ਪ੍ਰੀਮੀਅਮ ਸਾਈਜ਼ ੧
$3.88 lb

Super Special
Chickpeas, Chana Dal, Red Lentil Whole & Black Chana 4 lbs (Indican)
ਚਿਟੇ ਛੋਲੇ, ਚਨੇ ਦੀ ਦਾਲ, ਮਸਰਾ ਦੀ ਸਾਬਤ ਦਾਲ ਅਤੇ ਕਾਲੇ ਛੋਲੇ (ਇੰਡੀਕੇਨ)
$3.88 bag

Super Special
Cilantro
ਧਣੀਆ
2 bunches for 98¢

Super Special
Fresh Ginger
ਤਾਜਾ ਅਦਰਕ
$1.29 lb

Large Seedless Oranges
ਵੱਡੇ ਸੰਗਤਰੇ ( ਬਿਨਾ ਬੀਜ ਤੋਂ )
99¢ lb

Spinach
ਪਾਲਕ
99¢ bunch

Long Opo Squash (Lockye)
ਲੰਬੇ ਓਪੋ ਕੱਦੂ
88¢ lb

Daikon (Mooli)
ਮੂਲੀ
88¢ lb

Russet Potatoes 10 lbs
ਆਲੂ ਰਸਟ ਸਨੋਬੁਆਏ
$3.49 bag

Rapini (Sarson da Saag)
ਸਰਸੋਂ ਦਾ ਸਾਗ
$2.69 bunch

Pink Lady Apples
ਪੀਂਕ ਲੇਡੀ ਐਪਲ
98¢ lb

Fresh Garlic
ਤਾਜਾ ਲਸਣ
$1.49 lb

Zucchini Squash
ਜ਼ੁਕੀਨੀ ਸਕੁਐਸ਼
88¢ lb

Punjabi Cookies New Crunch & Indican 2.2 lbs All Flavours
ਪੰਜਾਬੀ ਕੁਕੀਜ਼ ਨੀਓ ਕ੍ਰੰਚ ਅਤੇ ਇੰਡੀਕਨ
$4.98 pkg.

Indican Almond Oil 1 L
ਇੰਡੀਕੇਨ ਬਦਾਮ ਦਾ ਤੇਲ
$12.99 bottle

Green Elaichi (Cardamom) S.G
ਹਰੀ ਇਲਾਇਚੀ (ਐਸ. ਜੀ)
$18.99 lb

Maggi Masala Noodles 280 g
ਮੈਗੀ ਮਸਾਲਾ ਨੂਡਲਜ਼
$1.49 pkg.

Product images may differ from the actual product.

Fri Apr 22, 2022 - Wed Apr 27, 2022
We reserve the right to limit the quantities while they last
Specials valid for Lower Mainland only

22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com

fruiticana SINCE 1994

BUSINESS HOURS
9 AM - 9 PM
7 DAYS A WEEK

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |